ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥


# ਸੂਰਾ

ਲੁਧਿਆਣਾ

ਦਸੰਬਰ ੧੯੯੫ MONTHLY **SURA** LUDHIANA DEC. 1995

ਗੁਰੂ ਗੋਬਿੰਦ ਸਿੰਘ ਜੀ

'ਪਟਨਾ ਸਹਰ ਬਿਖੈ ਭਵ ਲਯੋ'



ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ)

www.AKJ.Org

3 ਰੁਪਏ

# ਗੁਰਸਿਖ ਮੀਤ ਚਲਹੁ ਗੁਰ ਚਾਲੀ॥

## ਤੱਤਕਰਾ


| | | | |
|---|---|---|---|
| ੧. ਪੋਖਿ ਤੁਖਾਰ ਨ ਵਿਆਪਈ | ੧ | ੧੧. ਹਨ੍ਹੇਰੀ | ੨੨ |
| ੨. ਅਰਥ ਵਿਆਖਿਆ | ੨ | ੧੨. ਭਾਈ ਦਰਸ਼ਨ ਸਿੰਘ ਜੀ ਦਿੱਲੀ | ੨੩ |
| ੩. ਘਰ ਮਹਿ ਘਰੁ ਦੇਖਾਇ ਦੇਇ | ੩ | ੧੩. SMAGAM | ੨੬ |
| ੪. ਨਿਰਮਲੁ ਧੁੰਨ (੨) | ੬ | ੧੪. ਦਵਾਈ ਤੇ ਪ੍ਰਹੇਜ਼ ਦੋਵੇ ਜ਼ਰੂਰੀ | ੨੭ |
| ੫. ਸਭ ਏਕੋ ਏਕੋ ਏਕਨਾ | ੯ | ੧੫. ਨਾਨਕ ਉਤਮੁ ਨੀਚੁ ਨ ਕੋਇ | ੨੯ |
| ੬. ਨਾਭ ਕੰਵਲ ਤੇ ਦਸਮ ਦੁਆਰ(੨) | ੧੦ | ੧੬. ਪ੍ਰਤੱਖ ਦਰਸ਼ਨ | ੩੩ |
| ੭. ਗੁਰਸਿੱਖੀ ਅੰਦਰ ਬਿਬੇਕ | ੧੪ | ੧੭. ਗੁਰਸਿੱਖੀ ਬਾਰੀਕ ਹੈ | ੩੪ |
| ੮. ਵਾਰ ਮਾਰੂ ਡਖਣੇ (੭) | ੧੭ | ੧੮. ਸਿਦਕੀ ਸਿੰਘਾਂ ਦੀ ਟੇਕ ਤੇ ਫੰਲਾਦੀ ਸਪਿਰਟ | ੩੬ |
| ੯. ਅਕਤੂਬਰ ੯੫ ਦੇ ਸਵਾਲਾਂ ਦੇ ਜਵਾਬ | ੧੯ | ੧੯. ਬਾਪੂ ਜੀ ਤੇ ਬੱਚੇ (੧੬) | ੩੭ |
| ੧੦. ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਮਾਰਗ | ੨੦ | | |


### ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ ਵੱਡੇ ਸਾਹਿਬਜ਼ਾਦੇ ੨੩ ਦਸੰਬਰ — ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੨੮ ਦਸੰਬਰ

ਸ਼ਹੀਦੀ ਜੋੜ ਮੇਲਾ ਫਤਿਹਗੜ੍ਹ ਸਾਹਿਬ ਛੋਟੇ ਸਾਹਿਬਜ਼ਾਦੇ ੨੭-੨੯ ਦਸੰਬਰ

"ਸੂਰਾ" ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰਨਾਂ ਨੂੰ.
ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਯੋਗਦਾਨ ਪਾਉ ਜੀ।

### ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਤੋਂ ਦਸਵੀਂ ਕਲਾਸ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ, ਤਨਖਾਹ ਯੋਗਤਾ ਅਨੁਸਾਰ। ਹੇਠ ਲਿਖੇ ਪਤੇ ਤੇ ਸੰਪਰਕ ਕਰੋ-
ਭਾਈ ਬਲਵੰਤ ਸਿੰਘ, ਪਿੰਡ ਜਲਵਾਣਾ, ਡਾਕਖਾਨਾ ਲੋਹਟਬੱਦੀ,
ਫੋਨ: 01675-87839, 0161-455539 ਜਾਂ 458006

### 'ਸੂਰਾ' ਦੇ ਚਲਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ- ੧ ਮੁੱਖ ਦਫਤਰ "ਸੂਰਾ"-ਕੋਠੀ ਨੰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨ ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।
੨ ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ, ਮੈ ਸੰਤ ਸਿੰਘ ਤ੍ਰਿਲੋਕ ਸਿੰਘ, ਚੱਕ ਪੰਜ ਪੀਰ।
੩. ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਹਰਮਿੰਦਰ ਸਿੰਘ, ਬੈਕ ਬਜਾਰ।
੪ ਪਟਿਆਲਾ- ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ. ਦੁਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ-ਭਾਈ ਫੰਜਿੰਦਰ ਸਿੰਘ ਜੀ, ੫੩੩/੩ -ਏ ਫੇਜ਼, ਐਸ ਏ ਐਸ ਨਗਰ ਮੋਹਾਲੀ।
੬ ਦਿੱਲੀ- ਭਾਈ ਹਰਦਿੱਤ ਸਿੰਘ ਜੀ, ਏ-੩੫, ਫਤਿਹ ਨਗਰ।
੭ ਸਾਰੇ ਸਮਾਗਮਾ ਸਮੇ-ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ ੨, ਕਾਜ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮ ਬਠਿੰਡਾ-ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ ੭੮੧੯, ਨੇੜੇ ਡੰਗਰਾ ਦਾ ਹਸਪਤਾਲ।
੯ ਮੋਗਾ- ਭਾਈ ਪਰਮਿੰਦਰ ਸਿੰਘ ਜੀ ਪੁਰਾਣਾ ਗੁਲਾਬੀ ਬਾਗ, ਜੀ ਟੀ ਰੋਡ, ਫੋਨ ੨੪੩੪੮, ੨੧੬੮੧
੧੦ ਅੰਮ੍ਰਿਤਸਰ- ਸਿੰਘ ਬ੍ਰਦਰਜ਼, ਬਜਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ ੪੫੭੪੮, ਘਰ ੨੩੧੫੨੦
੧੧ ਯਮੁਨਾਨਗਰ-ਸ੍ਰ. ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿਨ ਕੋਡ-੧੩੫੦੦੧ ਫੋਨ ੨੬੨੧੭
੧੨ ਸੰਗਰੂਰ-੧ ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਕਿਆ, ਚੌੜਾ ਖੂਹ ਨੇੜੇ ਗੁ. ਪਾ. ੬
ਸੂਚਨਾ - ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ. ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

ਵਿਦੇਸ਼ਾ ਵਿਚ ਚੰਦੇ ਤੇ ਹੋਰ ਰਕਮਾ ਜਮ੍ਹਾ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ-ਭਾਈ ਗੁਰਨਾਮ ਸਿੰਘ ਜੀ ੧੦-Ambourne Gardens, Early Reading, Berks U.K. Tel. 0734-616902.
੨ ਅਮਰੀਕਾ-ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ ੧੮੦੦੭੨੨੬੨੧੨
੩ ਕੈਨੇਡਾ-ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ ੧੭੦੦੬੬੩੦੨੨੪
੪ ਆਸਟਰੇਲੀਆ-ਭਾਈ ਪਰਸ਼ੋਤਮ ਸਿੰਘ ਜੀ, ਫੋਨ ੦੬੧੮੬੩੪੮੪੧
੫ ਨੀਊਜੀਲੈਂਡ - ਭਾਈ ਪਿਆਰਾ ਸਿੰਘ ਜੀ ਫੋਨ ੦੬੯੨੭੬੪੩੨੨

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ ੩੦੦ ਰੁ. ਪੂਰੀ ਕਰਨ ਲਈ ਜਿਨ੍ਹਾ ਪਾਠਕਾ ਦੇ 50/, 100/, 150/ ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾ ਨਜ਼ਦੀਕੀ ਜੋ ਵਾਦਾਰ ਕੋਲ ਜਮ੍ਹਾ ਕਰਵਾ ਦੇਣ ਤਾ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ। ਸੰਪਾਦਕ

ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।

### ਮੇਖ ਰਹਿਤ ਸੂਰਾ

ਵਿਦੇਸ਼ਾ ਵਿਚ ਰਹਿੰਦੇ ਵੀਰ, ਭੈਣਾ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੈਸ (ਪਤਾ) ਲਿਖ ਕੇ ਭੇਜਣ, ਉਹਨਾ ਨੂੰ "ਸੂਰਾ" ਹਰ ਮਹੀਨੇ ਮੇਖ ਰਹਿਤ ਪਹੁੰਚਦਾ ਰਹੇਗਾ।

ਦਾਸਨ ਦਾਸ,
ਭਾਈ ਜੀਵਨ ਸਿੰਘ, ੧੦੩੦, ਹੈਮਿਲਟਨ ਰੋਡ, ਵੈਨਕੂਵਰ (ਕਨੇਡਾ)
Canada (B.C.) V6-B2-R-9 Tel.: 18006 30224


ਡਿਜ਼ਾਈਨ ਕਰਾਫਟ ਗਿਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋ ੧੨- ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।


www.AKJ.Org

# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਦਸੰਬਰ–੧੯੯੫ ਅੰਕ ੧੨

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30–00 | ਸਮੁੰਦਰੀ ਡਾਕ | 100–00 |
| ਇੱਕ ਪਰਚਾ | 3–00 | ਹਵਾਈ ਡਾਕ | 300–00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000–00 |
| ਦੇਸ਼ | 300–00 | ਹਵਾਈ ਡਾਕ | 3,000–00 |


*ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ॥*
*ਮਨ ਤਨਿ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ॥੧॥*
*ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ॥*
*ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ॥੨॥* (ਪੰਨਾ ੯੨੮)

## ਪੋਖਿ ਤੁਖਾਰ ਨ ਵਿਆਪਈ

ਪੋਖਿ ਤੁਖਾਰੁ ਨਾ ਵਿਆਪਈ, ਕੰਠਿ ਮਿਲਿਆ ਹਰਿ ਨਾਹੁ॥
ਮਨੁ ਬੇਧਿਆ ਚਰਨਾਰਬਿੰਦ, ਦਰਸਨਿ ਲਗੜਾ ਸਾਹੁ॥
ਓਟ ਗੋਵਿੰਦ ਗੋਪਾਲ ਰਾਇ, ਸੇਵਾ ਸੁਆਮੀ ਲਾਹੁ॥
ਬਿਖਿਆ ਪੋਹਿ ਨ ਸਕਈ, ਮਿਲਿ ਸਾਧੂ ਗੁਣ ਗਾਹੁ॥
ਜਹ ਤੇ ਉਪਜੀ ਤਹ ਮਿਲੀ, ਸਚੀ ਪ੍ਰੀਤਿ ਸਮਾਹੁ॥
ਕਰੁ ਗਹਿ ਲੀਨੀ ਪਾਰਬ੍ਰਹਮਿ, ਬਹੁੜਿ ਨ ਵਿਛੁੜੀਆਹੁ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥
ਸਰਮ ਪਈ ਨਾਰਾਇਣੈ, ਨਾਨਕ ਦਰਿ ਪਈਆਹੁ॥
ਪੋਖੁ ਸੁਹੰਦਾ ਸਰਬ ਸੁਖ, ਜਿਸੁ ਬਖਸੇ ਵੇਪਰਵਾਹੁ॥੧੧॥

(ਬਾਰਹਮਾਹਾ, ਮਾਝ ਮ: ੫, ਪੰਨਾ ੧੩੫)

**ਪਦ ਅਰਥ** :– ਪੋਖਿ – ਪੋਹ ਦੇ ਮਹੀਨੇ ਵਿੱਚ। ਤੁਖਾਰੁ – ਕੋਰਾ, ਕੱਕਰ। ਨ ਵਿਆਪਈ – ਜ਼ੋਰ ਨਹੀਂ ਪਾਉਂਦਾ। ਕੰਠਿ – ਗਲ ਵਿੱਚ। ਨਾਹੁ – ਖਸਮ, ਪਤੀ। ਬੇਧਿਆ – ਵਿੰਨ੍ਹਿਆ ਜਾਂਦਾ ਹੈ। ਚਰਨਾਰਬਿੰਦ – ਚਰਨ ਕਮਲ। ਸਾਹੁ – ਇੱਕ ਇੱਕ ਸਾਹ।

ਲਾਹੁ – ਲਾਹਾ, ਲਾਭ। ਬਿਖਿਆ – ਮਾਇਆ। ਸਾਧੂ – ਗੁਰੂ। ਗੁਣ ਗਾਹੁ – ਗੁਣਾਂ ਨੂੰ ਗਾਹੁਣਾ, ਗੁਣਾ ਵਿੱਚ ਚੁੱਭੀ ਲਾਉਣੀ। ਸਮਾਹੁ – ਲਿਵ। ਕਰੁ – ਹੱਥ। ਗਹਿ – ਫੜ ਕੇ। ਬਹੁੜਿ – ਮੁੜ ਕੇ, ਦੋਬਾਰਾ।

ਬਾਰਿ ਜਾਉ – ਮੈਂ ਬਾਰਨੇ (ਬਲਿਹਾਰਨੇ) ਜਾਂਦੀ ਹਾਂ। ਬੇਰੀਆ – ਵਾਰੀ। ਅਗਮ – ਅਪਹੁੰਚ। ਅਗਾਹੁ – ਅਗਾਧ, ਡੂੰਘਾ। ਸਰਮ – ਇੱਜ਼ਤ, ਲਾਜ। ਸੁਹੰਦਾ – ਸੋਹਣਾ ਲੱਗਦਾ ਹੈ।



www.AKJ.Org

# ਅਰਥ ਵਿਆਖਿਆ

**ਅਰਥ** : ਪੋਹ ਦੇ ਮਹੀਨੇ ਜਿਸ ਜੀਵ-ਇਸਤਰੀ ਦੇ ਗਲ ਨਾਲ ਪ੍ਰਭੂ-ਪਤੀ ਲੱਗਾ ਹੋਇਆ ਹੋਵੇ ਭਾਵ ਹਿਰਦੇ ਵਿੱਚ ਵਸਿਆ ਹੋਇਆ ਹੋਵੇ, ਉਸ ਨੂੰ ਕੋਰਾ-ਕੱਕਰ ਜ਼ੋਰ ਨਹੀਂ ਪਾ ਸਕਦਾ ਕਿਉਂਕਿ ਉਸ ਦੀ ਬ੍ਰਿਤੀ ਪ੍ਰਭੂ ਦਰਸ਼ਨ ਦੀ ਤਾਂਘ ਵਿੱਚ ਜੁੜੀ ਰਹਿੰਦੀ ਹੈ, ਉਸਦਾ ਮਨ ਪ੍ਰਭੂ ਦੇ ਚਰਨ-ਕਮਲਾਂ ਵਿੱਚ ਵਿੰਨ੍ਹਿਆ ਰਹਿੰਦਾ ਹੈ।

ਜਿਸ ਜੀਵ ਇਸਤਰੀ ਨੇ ਪ੍ਰਭੂ (ਗੋਬਿੰਦ, ਗੋਪਾਲ) ਦਾ ਆਸਰਾ ਲਿਆ ਹੈ ਉਸ ਨੇ ਪ੍ਰਭੂ ਪਤੀ ਦੀ ਸੇਵਾ ਦਾ ਲਾਭ ਖੱਟਿਆ ਹੈ, ਮਾਇਆ ਉਸ ਨੂੰ ਪੋਹ ਨਹੀਂ ਸਕਦੀ, ਗੁਰੂ ਨੂੰ ਮਿਲ ਕੇ ਉਸਨੇ ਪ੍ਰਭੂ ਦੀ ਸਿਫ਼ਤ-ਸਲਾਹ ਵਿੱਚ ਚੁੱਭੀ ਲਾਈ ਹੈ।

ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ ਉਸ ਵਿੱਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਪ੍ਰੀਤ ਵਿੱਚ ਲੱਗੀ ਰਹਿੰਦੀ ਹੈ। ਪਾਰਬ੍ਰਹਮ ਨੇ ਉਸ ਨੂੰ ਆਪਣੇ ਚਰਨਾ ਵਿੱਚ ਜੋੜਿਆ ਹੁੰਦਾ ਹੈ, ਉਹ ਮੁੜ ਉਸ ਨਾਲ ਵਿਛੜਦੀ ਨਹੀਂ।

ਉਹ ਸੱਜਣ-ਪ੍ਰਭੂ ਬੜਾ ਅਪਹੁੰਚ ਤੇ ਡੂੰਘਾ ਹੈ। ਗੁਰੂ ਅਰਜਨ ਦੇਵ ਜੀ ਨਾਨਕ ਮੋਹਰ ਛਾਪ ਹੇਠ ਕਹਿੰਦੇ ਹਨ ਕਿ ਮੈਂ ਉਸ ਪ੍ਰਭੂ ਤੋਂ ਲੱਖ ਲੱਖ ਵੇਰ ਕੁਰਬਾਨ ਹਾਂ, ਉਹ ਬੜਾ ਦਿਆਲੂ ਹੈ, ਦਰ ਉੱਤੇ ਢੱਠਿਆਂ ਦੀ ਉਸ ਨੂੰ ਲਾਜ ਰੱਖਣੀ ਹੀ ਪੈਂਦੀ ਹੈ।

ਜਿਸ ਉਤੇ ਉਹ ਬੇਪ੍ਰਵਾਹ ਪ੍ਰਭੂ ਮਿਹਰ ਕਰਦਾ ਹੈ ਉਸ ਨੂੰ ਪੋਹ ਦਾ ਮਹੀਨਾ ਸੋਹਣਾ ਲਗਦਾ ਹੈ, ਉਸ ਨੂੰ ਸਾਰੇ ਹੀ ਸੁੱਖ ਮਿਲ ਜਾਂਦੇ ਹਨ।

**ਵਿਆਖਿਆ:** ਉਨ੍ਹਾਂ ਜੀਵ ਇਸਤਰੀਆਂ ਤੇ ਪੋਹ ਮਹੀਨੇ ਦੀ ਠੰਡੀ ਠਾਰ ਰੁੱਤ ਕੋਈ ਮੰਦਾ ਅਸਰ ਨਹੀਂ ਪਾ ਸਕਦੀ ਜਿਨ੍ਹਾਂ ਦੀ ਪ੍ਰੀਤ ਸ਼ਹੁ-ਪ੍ਰਭੂ ਦੇ ਚਰਨਾ ਨਾਲ ਲੱਗੀ ਹੋਈ ਹੈ। ਮਾਇਆ ਵੀ ਉਹਨਾਂ ਤੇ ਕੋਈ ਉਲਟਾ ਰੰਗ ਨਹੀਂ ਚਾੜ੍ਹ ਸਕਦੀ। ਮਾਇਆ ਦਾ ਜ਼ੋਰ ਵੀ ਮਨਮੁਖਾਂ ਤੇ ਹੀ ਚਲਦਾ ਹੈ। ਉਹਨਾਂ ਨੂੰ ਹੀ ਉਹ ਨੱਕ ਨਕੇਲ ਪਾ ਕੇ ਆਪਣੇ ਮਗਰ ਘੜੀਸੀ ਫਿਰਦੀ ਹੈ। ਗੁਰਮੁਖਾਂ ਤੇ ਮਾਇਆ ਦਾ ਜ਼ੋਰ ਨਹੀਂ ਚਲਦਾ, ਉਨ੍ਹਾਂ ਦੀ ਦਾਸੀ ਬਣ ਕੇ ਉਨ੍ਹਾਂ ਦੀ ਸੇਵਾ ਕਰਦੀ ਹੈ। ਇਹ ਸਭ ਪ੍ਰਭੂ ਦੀ ਯਾਦ ਹਿਰਦੇ ਵਿੱਚ ਵਸਾਈ ਰੱਖਣ ਕਾਰਨ ਹੈ। ਪ੍ਰਭੂ ਦੇ ਭਗਤਾਂ ਲਾਗੇ ਕੋਈ ਇੱਲ ਬਲਾ ਨਹੀਂ ਫਟਕ ਸਕਦੀ।

**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ।** (ਪੰਨਾ ੨੩੧)

ਮਾਇਆ ਤਾਂ ਸੁਆਸ ਸੁਆਸ ਨਾਮ ਜਪਣ-ਹਾਰਿਆਂ ਅੱਗੇ ਹੱਥ ਬੰਨ੍ਹੀ ਖੜ੍ਹੀ ਬੇਨਤੀਆਂ ਕਰਦੀ ਰਹਿੰਦੀ ਹੈ ਕਿ ਕੋਈ ਸੇਵਾ ਹੋਵੇ ਤਾਂ ਦੱਸੋ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ-

**ਸਗਲ ਸ੍ਰਿਸਟਿ ਕੇ ਪੰਚ ਸਿਕਦਾਰ।।**
**ਰਾਮ ਭਗਤ ਕੇ ਪਾਨੀਹਾਰ।।੧।। ਰਹਾਉ।।**
**ਜਗਤ ਪਾਸ ਤੇ ਲੇਤੇ ਦਾਨੁ।।**
**ਗੋਬਿੰਦ ਭਗਤ ਕਉ ਕਰਹਿ ਸਲਾਮ।।**
**ਲੂਟਿ ਲੇਹਿ ਸਾਕਤ ਪਤਿ ਖੋਵਹਿ।।**
**ਸਾਧ ਜਨਾ ਪਗ ਮਲਿ ਮਲਿ ਧੋਵਹਿ।।੨।।**

(ਪੰਨਾ ੮੬੫)

ਮਾਇਆ ਭਗਤ ਜਨਾ ਦੇ ਪੈਰ ਕਿਉਂ ਚੱਟਦੀ ਹੈ? ਕਿਉਂਕਿ ਉਨ੍ਹਾਂ ਦੀ ਪ੍ਰੀਤ ਪ੍ਰਭੂ ਪ੍ਰੀਤਮ ਨਾਲ ਹੈ, ਉਹਨਾਂ ਦੇ ਹਿਰਦੇ ਵਿੱਚ ਪ੍ਰਭੂ ਵਸਿਆ ਹੋਇਆ ਹੈ, ਪ੍ਰਭੂ ਦਰਸ਼ਨਾਂ ਨੇ ਉਨ੍ਹਾਂ ਨੂੰ ਵਿੰਨ੍ਹ ਕੇ ਰੱਖਿਆ ਹੋਇਆ ਹੈ, ਉਹ ਹਰ ਵੇਲੇ ਪ੍ਰਭੂ ਦੀ ਹਜ਼ੂਰੀ ਵਿੱਚ ਰਹਿੰਦੇ ਹਨ।

ਗੁਰਮੁਖ ਜਨ, ਸਤਿਗੁਰੂ ਸੱਚੇ ਪਾਤਿਸ਼ਾਹ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਗਤ ਵਿੱਚ ਬੈਠ ਕੇ ਪ੍ਰਭੂ ਦੇ ਗੁਣ ਗਾਉਂਦੇ ਹਨ, ਹਰਿ ਜਸ ਦੀਆਂ ਘੁੰਮਰਾਂ ਪਾਉਂਦੇ ਹਨ। ਮਾਇਆ ਦੇ ਪੰਜ ਚੌਧਰੀ (ਪੰਜ ਚੋਰ) ਡਰਦੇ ਮਾਰੇ ਉਹਨਾਂ ਦੇ ਲਾਗੇ ਨਹੀਂ ਢੁੱਕ ਸਕਦੇ। ਪੰਜ ਚੋਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤਾਂ ਕੀ ਘੁਰੂ ਘੁਰੂ ਜਪਦੇ ਗੁਰਮੁਖਾਂ ਲਾਗੇ ਤਾਂ ਜਮ ਵੀ ਨਹੀਂ ਆ ਸਕਦਾ, ਦੇਖ ਕੇ ਦੂਰੋਂ ਹੀ ਭੱਜ ਜਾਂਦਾ ਹੈ।

**"ਅਫਰਿਓ ਜਮੁ ਮਾਰਿਆ ਨ ਜਾਈ।।**
**ਗੁਰ ਕੈ ਸਬਦੇ ਨੇੜਿ ਨ ਆਈ।।**
**ਸਬਦੁ ਸੁਣੇ ਤਾ ਦੂਰਹੁ ਭਾਗੈ,**
**ਮਤੁ ਮਾਰੇ ਹਰਿ ਜੀਉ ਬੇਪਰਵਾਹਾ ਹੇ।।੭।।**

(ਮਾਰੂ ਮ: ੩, ਪੰਨਾ ੧੦੫੪)

ਜਿਨ੍ਹਾਂ ਜੀਵ-ਇਸਤਰੀਆਂ ਨੂੰ ਸ਼ਹੁ-ਪ੍ਰਭੂ ਬਾਂਹ ਫੜ ਕੇ ਆਪਣੇ ਮਹਿਲਾਂ ਵਿੱਚ ਲੈ ਜਾਂਦਾ ਹੈ ਉਨ੍ਹਾਂ ਨੂੰ ਮੁੜ ਕੇ ਵਿਛੋੜਾ ਨਹੀਂ ਪੈਂਦਾ। ਉਹ ਪ੍ਰਭੂ ਪ੍ਰੀਤਮ ਨਾਲ

(ਬਾਕੀ ਪੰਨਾ ੫ ਤੇ.......)



www.AKJ.Org

# ਘਰ ਮਹਿ ਘਰੁ ਦੇਖਾਇ ਦੇਇ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ।।
ਪੰਚ ਸਬਦ ਧੁਨਿਕਾਰ ਧੁਨਿ
ਤਹ ਬਾਜੈ ਸਬਦੁ ਨੀਸਾਣੁ।।
ਦੀਪ ਲੋਅ ਪਾਤਾਲ ਤਹ
ਖੰਡ ਮੰਡਲ ਹੈਰਾਨੁ।।
ਤਾਰ ਘੋਰ ਬਾਜਿੰਤ੍ਰ ਤਹ
ਸਾਚਿ ਤਖਤਿ ਸੁਲਤਾਨੁ।।
ਸੁਖਮਨ ਕੈ ਘਰਿ ਰਾਗੁ ਸੁਨਿ
ਸੁੰਨਿ ਮੰਡਲਿ ਲਿਵ ਲਾਇ।।
ਅਕਥ ਕਥਾ ਬੀਚਾਰੀਐ
ਮਨਸਾ ਮਨਹਿ ਸਮਾਇ।।
ਉਲਟਿ ਕਮਲੁ ਅੰਮ੍ਰਿਤਿ ਭਰਿਆ
ਇਹੁ ਮਨੁ ਕਤਹੁ ਨ ਜਾਇ।।
ਅਜਪਾ ਜਾਪੁ ਨ ਵੀਸਰੈ
ਆਦਿ ਜੁਗਾਦਿ ਸਮਾਇ।।
ਸਭਿ ਸਖੀਆ ਪੰਚੇ ਮਿਲੇ
ਗੁਰਮੁਖਿ ਨਿਜ ਘਰਿ ਵਾਸੁ।।
ਸਬਦੁ ਖੋਜਿ ਇਹੁ ਘਰੁ ਲਹੈ
ਨਾਨਕ ਤਾ ਕਾ ਦਾਸੁ।।੧।।੨੭।।

(ਸਲੋਕ ਮ: ੧, ਵਾਰ ਮਲਾਰ, ਪੰਨਾ ੧੨੯੧)

ਆਤਮ ਵਿਲੱਖਣੀ ਅਵਸਥਾ ਵਾਲੀ ਖੇਡ ਬੜੀ ਹੀ ਅਨੂਪਮ ਹੈ। ਇਹ ਕੇਵਲ ਗੁਰੂ ਘਰ (ਗੁਰੂ ਨਾਨਕ ਦੇਵ ਦੇ ਘਰ) ਵਿਚਿ ਹੀ ਮਖ਼ਸੂਸ ਹੈ। ਐਸਾ 'ਸਤਿਗੁਰੁ ਪੁਰਖੁ ਸੁਜਾਣੁ' ਕੇਵਲ ਗੁਰੂ ਨਾਨਕ ਸਾਹਿਬ ਹੀ ਆਪਣੇ ਵਿਸ਼ੇਸ਼ ਗੁਰ ਜੋਤਿ ਜਾਮਿਆ ਵਿੱਚ ਹੋਇਆ ਹੈ, ਜੋ ਆਤਮ ਅਗੰਮੀ ਅਦ੍ਰਿਸ਼ਟ ਨਜ਼ਾਰੇ ਨੂੰ ਪ੍ਰਮਾਰਥਕ ਜਗਿਆਸੂਆਂ ਪ੍ਰਤੀ ਪਰਤੱਖ ਦਰਸਾਇ ਦੇਵੇ। ਗੁਰੂ ਦਸੋਂ ਜੋਤਿ ਜਾਮਿਆਂ ਦੀ ਅਮਰ ਗੁਰੂ ਪਾਤਸ਼ਾਹੀ ਪਿਛੋਂ ਸ੍ਰੀ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਨੇ ਆਪਣੀ ਤ੍ਰਿਕਾਲ ਦ੍ਰਿਸ਼ਤਾ ਦਾ ਅਹੰਮ ਸਬੂਤ ਦਿੰਦੇ ਹੋਏ ਇਹ ਅਮਰ ਏਜ਼ਦੀ ਸੱਚੀ ਸਹਿਨਸ਼ਾਹੀ-ਮਈ ਗੁਰੂ ਪਾਤਸ਼ਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖਸ਼ ਦਿੱਤੀ ਅਤੇ ਇਸ ਅਮਰ ਅਟੱਲ ਆਦਿ ਅੰਤ ਇਕੋ ਗੁਰੂ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਫੁਰਮਾਨਗੀ ਵਿਚਿ ਗੁਰੂ ਸਰੂਪ ਪੰਜਾਂ ਪਿਆਰਿਆਂ ਦੀ ਜਮਹੂਰੀਅਤ ਕਾਇਮ ਕਰ ਦਿੱਤੀ ਅਤੇ ਇਸ ਜਮਹੂਰੀਅਤ ਨੂੰ ਆਤਮ-ਜ਼ਹੂਰੀ ਪੂਰੀ ਸਮਰੱਥਾ ਪਰਦਾਨ ਕਰ ਦਿੱਤੀ। ਇਸ ਜਮਹੂਰੀਅਤ ਦਾ ਖ਼ਾਸ ਸੀਗਾ ਅਧਿਕਾਰੀ ਜਨਾਂ ਨੂੰ ਅੰਮ੍ਰਿਤ ਛਕਾਇ ਕੇ ਅਮਰ-ਜ਼ੀਸਤਨੀ-ਜੀਵਨ ਜੁਗੋ ਜੁਗ ਅਟੱਲਤਾਈ ਸਹਿਤ ਬਖ਼ਸ਼ ਦਿੱਤਾ, ਤਾਂ ਜੁ ਆਉਣ ਵਾਲੇ ਘੋਰ ਕਲਜੁਗੀ ਸਮੇਂ ਵਿਚਿ ਆਪੋਂ ਬਣ ਬੈਠੇ ਦੇਹਧਾਰੀ ਡਿੰਭੀ ਗੁਰੂਆਂ ਦੀ ਪ੍ਰਮਾਰਥ ਪਾਪ ਗਾਰਤਗਰੀ ਹਮੇਸ਼ਾਂ ਲਈ ਖਤਮ ਹੋ ਜਾਵੇ। ਜੀਆ ਦਾਨ ਆਤਮ ਨੀਸ਼ਾਨੀ, ਪੰਚ ਪਰਵਾਨੀ, ਪੰਚ ਪਰਧਾਨੀ ਪੰਜਾਂ ਪਿਆਰਿਆਂ ਦਾ ਪੁੰਜ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਸਦਾ ਲਈ ਨੀਯਤ ਕਰ ਦਿਤਾ। ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਦੇ ਸੱਚੀ ਗੁਰੂ ਪਾਤਸ਼ਾਹੀ ਦੇ ਇਸ ਇਲਾਹੀ ਗੁਰ ਫ਼ੁਰਮਾਨ ਪਸਚਾਤ ਏਹਨਾਂ ਅਮਰ ਜ਼ੀਸਤੀ ਪੰਜਾਂ ਪਿਆਰਿਆਂ ਦਾ ਪੁੰਜ ਗੁਪਤੋ ਗੁਪਤ ਗੁਰੂ ਪੰਥ ਅੰਦਰਿ ਸੀਨਾ ਬਸੀਨਾ ਹੀ ਚਲਿਆ ਆਉਂਦਾ ਰਿਹਾ ਹੈ ਅਤੇ ਹੁਣ ਤਾਈਂ ਚਲਿਆ ਆਉਂਦਾ ਹੈ।

ਉਪਰ ਦਿਤੇ ਗੁਰ ਵਾਕ ਅੰਦਰਿ ਦਰਸਾਈ ਅਮਰ ਕਲਾ ਦਾ ਦਾਅਵਾ ਭੇਖੀ ਅਤੇ ਡਿੰਭੀ ਗੁਰੂ ਕਰਦੇ ਚਲੇ ਆ ਰਹੇ ਹਨ ਅਤੇ ਹੁਣ ਭੀ ਕਈ ਆਪੋਂ ਬਣ ਬੈਠੇ ਤੇ ਡਿੰਭੀ ਦੇਹਧਾਰੀ ਗੁਰੂ ਕਰਦੇ ਹਨ ਅਤੇ ਵੰਗਾਰ ਵੰਗਾਰ ਕੇ ਕਰਦੇ ਹਨ। ਬਹੁਤ ਸਾਰਾ ਆਸਰਾ ਉਪਰ ਦਿੱਤੇ ਗੁਰਵਾਕ ਦਾ ਹੀ ਲੈਂਦੇ ਹਨ, ਜੋ ਸਰਾਸਰ ਗਲਤ ਅਤੇ ਬੇਹੂਦਾ ਹੈ, ਆਮ ਜਨਤਾ ਨੂੰ ਗੁਮਰਾਹ ਕਰਨ ਵਾਲੀ ਬੇਹੂਦਗੀ ਵਿੱਚ ਭਰਮਾਉਣ ਭੜਕਾਉਣਹਾਰਾ ਹੈ। ਇਸ ਕਰਕੇ ਇਸ ਗੁਰਵਾਕ ਦੀ ਤਰਦੀ ਤਰਦੀ ਗੂੜ੍ਹ ਭਾਵੀ ਵਿਆਖਿਆ ਕਰਨ ਦੀ ਅਵੱਸ਼ ਲੋੜ ਪਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਦਾਰੀ ਅਤੇ ਤਾਬਿਆਗੀਰੀ ਵਾਲੀ ਸੱਚੀ ਪਾਤਸ਼ਾਹੀ ਦੇ ਹਜ਼ੂਰ ਇੱਕ ਨਹੀਂ ਅਨੇਕਾਂ ਹੀ ਪਰਤੱਖ ਹੋਏ, ਪਰਤੱਖ ਬੀਤੇ ਵਰਤੇ ਜ਼ਾਹਰਾ ਜ਼ਹੂਰ ਚਮਤਕਾਰ ਸਾਂਗੋ ਪਾਂਗ ਗੁਰਮਤਿ ਆਤਮ ਅਵਸਥਾ ਦੀ ਟੀਸੀ ਵਾਲੀ ਕਲਾ ਦੇ ਨਿਜ ਦ੍ਰਿਸ਼ਟੀ ਗੋਚਰ ਹੋਏ। ਖ਼ਾਸ ਖ਼ਸੂਸੀਅਤ ਵਿਖੇ ਦੇਖੇ ਜਾਣ ਕਰਕੇ ਗੁਰੂ ਦਰਸਾਈ ਗੁਰੂ ਵਰੋਸਾਈ ਇਹ ਹਿੰਮਤ ਭਰੀ ਹਿਆਉਂ ਸਰਧਨੀ ਉਪਜੀ ਹੈ ਕਿ ਖ਼ਾਸ ਇਸ ਉਪਰਲੇ ਗੁਰਵਾਕ ਦੀ ਵਿਆਖਿਆ ਵਿਚਾਰੀ ਜਾਵੇ, ਜੋ ਇਸ



www.AKJ.Org

ਪਰਕਾਰ ਹੈ :-

ਅੰਮ੍ਰਿਤ ਸੰਚਾਰ ਸਮੇਂ ਪੂਰਨ ਅਧਿਕਾਰੀ ਰੂਹੜੀਆਂ ਉਤੇ ਇਹ ਕਲਾ ਪਰਤੱਖ ਵਰਤ ਜਾਂਦੀ ਹੈ ਕਿ ਅਧਿਕਾਰੀ ਜਨ ਦੇ ਅੰਦਰਿ ਤੱਤਕਾਲ ਹੀ ਐਨ ਅੰਮ੍ਰਿਤ ਸੰਚਾਰ ਸਮੇਂ (ਪੂਰਬਲੇ ਜਨਮਾਂ ਦੀ ਕਮਾਈ ਦਾ ਅੰਕੁਰ ਉਗਵਨ ਕਰਕੇ ਯਾ ਹੋਰ ਕਿਵੇਂ ਗੁਰੂ ਕਰਤਾਰ ਦੀਆਂ ਨਦਰਾਂ ਮੇਹਰਾਂ ਦਾ ਸਦਕਾ) ਆਤਮ ਤੇਜਸੀ ਅੰਮ੍ਰਿਤ ਰਸ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਹ ਅੰਮ੍ਰਿਤ ਰਹੱਸ ਭਰਪੂਰ ਲੀਣੀ ਜੋਤਿ ਪ੍ਰਕਾਸ਼ ਦਾ ਚਾਨਣਾ ਧੁਰਿ ਸਚਖੰਡੀ ਅਮਰ ਅਟਾਰੜੇ ਮੰਡਲਾਂ ਵਾਲੀ ਅਗੰਮ ਮੰਜ਼ਲ ਤਾਈਂ ਪੁਚਾ ਦਿੰਦਾ ਹੈ, ਤੇ ਇਕ-ਦਮ ਪੁਚਾ ਦਿੰਦਾ ਹੈ। **'ਘਰ ਮਹਿ ਘਰੁ ਦੇਖਾਇ ਦੇਇ'** ਦਾ ਇਹ ਪਾਰਸ- ਰਸਾਇਣੀ ਜ਼ਾਹਿਰਾ ਜ਼ਹੂਰ ਕਰਾਮਾਤੀ ਕ੍ਰਿਸ਼ਮਾ (ਮੋਅਜਜ਼ਾ) ਜ਼ਹੂਰ ਪਜ਼ੀਰ ਹੁੰਦਾ ਹੈ। ਜਿਨ੍ਹਾਂ ਅੰਮ੍ਰਿਤ-ਪਾਲੀ ਅੰਮ੍ਰਿਤ-ਪਾਤਰਾਂ ਦੇ ਅੰਤਰਿ ਆਤਮੇ ਤੱਤਕਾਲ ਹੀ ਇਹ ਮੁਅਜਜ਼ਾ ਨਹੀਂ ਵਰਤਦਾ ਤਾਂ ਅੰਮ੍ਰਿਤ ਨਾਮ ਦੀਆਂ ਅਟੱਲ ਅਥੱਕ ਕਮਾਈਆਂ ਕਰਿ ਕਰਿ ਅੱਗੇ ਪਿੱਛੇ ਵਰਤ ਜਾਂਦਾ ਹੈ, ਪਰ ਜ਼ਰੂਰ ਹੀ ਜ਼ਹੂਰ ਪਜ਼ੀਰ ਹੋ ਕੇ ਵਰਤਦਾ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ। ਗੁਰਮੁਖਿ ਨਦਰ-ਅੰਮ੍ਰਿਤੀ, ਅੰਮ੍ਰਿਤ ਮਿਹਰਵੰਤੀ ਜਨ ਜਗਿਆਸੂ ਦੇ ਹਿਰਦੇ ਰੂਪੀ ਘਰ ਅੰਦਰ ਹੀ ਅਮਰ ਅਟਾਰੜੇ ਵਾਲੇ ਸੱਚੇ ਸੱਚਖੰਡੀ ਘਰ ਦਾ ਦਰਸਾਰਾ ਹੋ ਜ਼ਾਂਦਾ ਹੈ। ਜਿਸ ਦਰਸਾਰੇ ਦੇ ਅਮਰ ਜੋਤਿ ਜੋਬਨੀ ਨਜ਼ਾਰੇ ਦਾ ਪਸਾਰਾ ਅਤਿ ਅਨੂਪਮੀ ਤੇ ਅਕਥਨੀਯ ਹੈ। ਇਹ ਅਜਬ ਹੀ ਅਕਥ ਕਥਾ ਹੈ। ਸਤਿਗੁਰੂ ਗੁਰੂ ਨਾਨਕ ਦਸਮੇਸ਼ ਅਤੇ ਸ੍ਰੀ ਦਸਮੇਸ਼ ਦਾ ਥਾਪਿਆ ਪੰਜਾਂ ਗੁਰੂ ਸਰੂਪ ਪਿਆਰਿਆਂ ਦਾ ਤਾਬਿਆ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚਾ ਪਾਤਸ਼ਾਹ ਹੀ ਐਸਾ ਪੂਰਨ **'ਸਤਿਗੁਰ ਪੁਰਖੁ ਸੁਜਾਣੁ'** ਹੈ ਜੋ **'ਘਰੁ ਮਹਿ ਘਰੁ ਦੇਖਾਇ'** ਦੇਣ ਨੂੰ ਸਮਰੱਥ ਹੈ। ਤਿਤ ਸੱਚੇ ਸੱਚਖੰਡੀ ਘਰ ਵਿਖੇ ਸਚ-ਪ੍ਰਕਾਸ਼ਮਈ-ਮਈ ਸੱਚਾ ਵਾਸਾ ਹੋ ਜਾਣ ਦੇ ਕਾਰਨ ਵਾਲੀ ਸ਼ਬਦ ਨੀਸਾਣੀ ਅਨਹਦ ਬਾਜੇ ਧੁਨਿ ਬਜੰਤਰੀ ਖੇਡ ਤਾਂ ਸੁਤੇ ਹੀ ਗੁਰਮੁਖਿ ਜਗਿਆਸੂ ਜਨ ਦੇ ਘਟ ਅੰਤਰਿ ਵਰਤ ਜਾਂਦੀ ਹੈ। ਇਹ ਪੰਚ ਸ਼ਬਦ ਗੁਰਮਤਿ ਦੇ ਵਿਲੱਖਣ ਸ੍ਰੇਸ਼ਟ ਸ਼ਬਦ ਹਨ। ਪੰਚ ਸ਼ਬਦ ਦਾ ਅਰਥ ਏਥੇ ਸ੍ਰੇਸ਼ਟ ਅਤੇ ਅਲੌਕਕ ਸ਼ਬਦ ਦਾ ਹੈ, ਪੰਚ ਗਿਣਤੀ ਦੇ ਸ਼ਬਦ ਦਾ ਨਹੀਂ, ਜੈਸੇ ਕਿ ਹਠ ਜੋਗ ਅਭਿਆਸ ਵਾਲੇ ਦਸਦੇ ਹਨ। ਰਾਧਾ ਸੁਆਮੀਏ ਤਾਂ ਕੰਨਾਂ ਦੀ ਘੂੰ ਘੂੰ ਬਜੰਤਰੀ ਆਵਾਜ਼ ਨੂੰ ਹੀ ਅਨਹਦ ਸ਼ਬਦ ਦੀ ਧੁਨੀ ਦਸਦੇ ਹਨ, ਜੋ ਉਹਨਾਂ ਦੀ ਮਹਿਜ਼ ਬਨਾਵਟੀ ਗੱਲ ਹੈ। ਅਨਹਦ ਧੁਨੀ ਉਹਨਾਂ ਨੂੰ ਕੋਈ ਸੁਣਾਈ ਨਹੀਂ ਦੇਂਦੀ। ਕੰਨਾਂ ਵਿੱਚ ਉਂਗਲੀਆਂ ਦੇ ਕੇ ਜੋ ਘੂੰ ਘੂੰ ਦੀ ਆਵਾਜ਼ ਦਿਮਾਗ ਅੰਦਰ ਉਪਜਦੀ ਹੈ, ਉਸ ਨੂੰ ਹੀ ਉਹ ਅਨਹਦ ਧੁਨੀ ਕਹਿੰਦੇ ਹਨ।

ਗੁਰਮਤਿ ਦੀ ਅਨਹਦ ਧੁਨੀ ਉਹ ਹੈ ਜੋ ਬਿਨਾਂ ਹਾਤੇ ਦੇ ਹੀ, ਮਸਨੂਈ ਖੜਕਾ ਕੀਤੇ ਤੋਂ ਬਿਨਾਂ ਹੀ ਆਪੇ ਹੀ ਅਗੰਮੀ ਧੁਨੀ ਉਪਜੇ। ਉਹੀ ਅਨਹਦ ਧੁਨੀ ਹੈ। ਇਹ ਅਨਹਦ ਧੁਨੀ ਕੇਵਲ ਗੁਰਮਤਿ ਨਾਮ ਦੀ ਅਥਾਹ ਕਮਾਈ ਕੀਤਿਆਂ ਹੀ ਅਸਲੋਂ ਪ੍ਰਾਪਤ ਹੁੰਦੀ ਹੈ ਅਤੇ ਦਸਵੇਂ ਦੁਆਰ ਅੰਦਰਿ ਸੁਣਾਈ ਦੇਂਦੀ ਹੈ। ਬਿਨ ਵਜਾਇਆ ਸ਼ਬਦ ਧੁਪੀ ਨਗਾਰਾ ਬੜੀ ਮਿੱਠੀ ਧੁਨੀ ਵਿਚ ਵੱਜਦਾ ਰਹਿੰਦਾ ਹੈ। ਦਸਮ ਦੁਆਰ ਤਕ ਪੁਲਾੜ ਖੁੱਲ੍ਹ ਤੋਂ ਹੀ ਦੀਪਾਂ ਲੋਆਂ ਪਤਾਲਾਂ, ਖੰਡਾਂ ਬ੍ਰਹਿਮੰਡਾਂ ਦੇ ਮੰਡਲਾਂ ਦੇ ਮੰਡਲ ਉਘਾੜਤ ਹੋ ਜਾਂਦੇ ਹਨ, ਬੜੀ ਹੀ ਬਿਸਮਾਦ ਵਾਲੀ ਹੈਰਾਨ-ਕੁੰਨ ਅਸਚਰਜਤਾ ਵਾਪਰਦੀ ਹੈ। ਅੰਮ੍ਰਿਤ ਬਾਣੀ ਦੀਆਂ ਘੁਰਾੱਟੀ, ਸ਼ਬਦ ਘੁਰਾੱਟੀ-ਕੀਰਤਨ-ਧੁਨੀਆਂ ਜਿਥੇ ਹੁੰਦੀਆਂ ਹੀ ਰਹਿੰਦੀਆਂ ਹਨ। ਇਸ ਸਚਖੰਡ ਵਿਖੇ ਸੱਚਾ ਪਾਤਸ਼ਾਹ, ਅਗੰਮੀ ਸੁਲਤਾਨ, ਦਿਬ ਮੂਰਤੀ ਵਾਲੀ ਅਕਾਲ ਹਸਤੀ ਵਾਲਾ ਵਾਹਿਗੁਰੂ ਨਿਰੰਕਾਰ, ਦਿਬ ਜੋਤੀਏ ਤਖ਼ਤ ਉਤੇ ਬਿਰਾਜਮਾਨ ਪਰਤੱਖ ਸਚਖੰਡੀ-ਭਗਤ ਜਨਾਂ ਦੇ ਸਨਮੁਖ ਹਰ ਛਿਨ ਸਸ਼ੋਭਤ ਰਹਿੰਦਾ ਹੈ। ਏਥੇ ਸਦਾ ਸੂਖਮਤਾ ਦੇ ਘਰ ਵਿਚ ਨਿਰਬਾਣ ਕੀਰਤਨ ਦੇ ਅਲਾਪ ਸੁਣਦੇ ਹੀ ਰਹਿੰਦੇ ਹਨ, ਜਿਨ੍ਹਾਂ ਨੂੰ ਸੁਣ ਸੁਣ ਕੇ ਸੁਰਤੇ ਜਨ ਦੀ ਸੁਤੇ ਹੀ ਸੁਨਨ ਮੰਡਲ ਵਿਚ ਲਿਵ ਲਗ ਜਾਂਦੀ ਹੈ। ਇਹ ਅਨੂਪਮ ਅਕੱਥ ਕਥਾ ਲਿਵ ਲਾਗਿਆ ਹੀ ਕੇਵਲ ਸੁਰਤੀ ਕਰਕੇ ਪਰਖੀ ਪੇਖੀ ਜਾ ਸਕਦੀ ਹੈ, ਖੁਸ਼ਕ ਫਿਲਾਸਫਰਾਂ ਦੀ ਫਿਲਾਸਫੀ ਭਰੀ ਵਿਦਿਆ ਕਰਕੇ ਨਹੀਂ ਵਿਚਾਰੀ ਜਾ ਸਕਦੀ। ਇਹ ਸਾਰੀਆਂ ਵਿਚਾਰਾਂ ਉਰੇ ਉਰੇ ਹੀ ਰਹਿ ਜਾਂਦੀਆਂ ਹਨ। ਮਾਨਵੀ ਵਿਚਾਰਾਂ ਤੋਂ ਉਪਰੰਪਰ ਜਦੋਂ ਨਾਮ ਅਭਿਆਸ ਦੀ ਕਮਾਈ ਦੇ ਪ੍ਰਤਾਪ ਕਰਿ ਸੁਰਤੀ ਤੁਰੀਆ-ਗੁਣੀ ਮੰਡਲ ਵਿਚ ਜਾ ਖੇਡਦੀ ਹੈ, ਉਥੇ ਹੀ ਇਸ ਅਕੱਥ ਕਥਾ ਦਾ ਅਗੰਮੀ ਅਰਥ ਸਫੁਰਨ ਹੁੰਦਾ ਹੈ, ਪਰ ਕਥਿਆ ਫਿਰ ਭੀ ਨਹੀਂ ਜਾ ਸਕਦਾ। ਅਕੱਥ


www.AKJ.Org

ਕਥਾ ਦੇ ਸੋਮੇ ਸ੍ਰੀ ਸਤਿਗੁਰੂ ਸਾਹਿਬਾਨ ਦੀ ਰਸਨਾ ਤੋਂ ਜੋ ਗੁਰਬਾਣੀ ਉਚਰਨਤ ਹੋਈ ਹੈ, ਉਹ ਸਹੀ ਅਰਥਾਂ ਵਿਚਿ ਅਗੰਮੀ ਅਕੱਥ ਕਹਾਣੀ ਹੈ, ਜਿਸਨੂੰ ਇੰਨ ਬਿੰਨ ਉਚਾਰਿਆਂ ਇਸ ਦਾ ਅਗੰਮੀ ਰਸ ਮਾਣਿਆ ਜਾਂ ਸਕਦਾ ਹੈ। ਅਖਰੀ ਅਰਥ ਮਾਅਨੇ ਇਸਦੇ ਫਿਰ ਭੀ ਕੁਛ ਨਹੀਂ ਹੋ ਸਕਦੇ। ਏਸ ਅਕੱਥ ਕਥਾ ਦੇ ਸਹਿਜ ਸਰੋਤੀ ਸਰਵਨ ਨਿਧਿਆਸਨੀ, ਕੀਰਤਨ-ਲਿਵ-ਮੰਡਲੀ ਮੰਡਲਾਂ ਵਿਚਿ ਖੇੜਣਹਾਰਿਆਂ ਦੀ ਸੰਕਲਪ ਵਿਕਲਪ ਫੁਰਨੇ ਕਫੁਰਨੇ ਹੀ ਮਨਸਾ ਮਨ ਵਿਖੇ ਹੀ ਸਮਾਈ ਰਹਿ ਜਾਂਦੀ ਹੈ ਅਤੇ ਬਿਰਤੀ ਚਕ੍ਰਿਤ ਜਿਹੀ ਹੋ ਜਾਂਦੀ ਹੈ। ਗੁਰਮਤਿ ਨਾਮ ਰੂਪੀ ਸ਼ਬਦ ਕਮਾਈ ਕੀਤਿਆਂ ਮੂਧਾ ਪਿਆ ਹੋਇਆ ਨਾਭ ਕਮਲ (ਨਾਭੀ ਦਾ ਕਵਲ) ਉਲਟ ਕੇ ਸਿੱਧਾ ਹੋ ਜਾਂਦਾ ਹੈ ਅਤੇ ਅੰਮ੍ਰਿਤ ਰਸ ਨਾਲ ਭਰ ਕੇ ਟਹਿ ਟਹਿ ਕਰਦਾ ਖਿੜ ਜਾਂਦਾ ਹੈ। ਇਸ ਦਸ਼ਾ ਨੂੰ ਪ੍ਰਾਪਤ ਹੋ ਕੇ ਨਾ ਚਿਤ ਬਿਰਤੀ ਡੋਲਦੀ ਹੈ, ਨਾ ਮਨੂਆ ਕਿਤੇ ਵਲ ਧਾਂਵਦਾ ਹੈ। ਅਖੰਡ ਜਾਪ, ਗੁਰ-ਸ਼ਬਦ-ਅਭਿਆਸੀ-ਅਤੁੱਟ-ਅਲਾਪ ਅਜੱਪਾ ਜਾਪ ਲਿਵਤਾਰ ਵਿਚਿ ਹੋਣ ਲੱਗ ਪੈਂਦਾ ਹੈ। ਇਹ ਅਜੱਪਾ ਜਾਪ ਫਿਰ ਕਦੇ ਨਹੀਂ ਵਿਸਰਦਾ। ਆਦਿ ਜੁਗਾਦਿ ਹਰ ਸਮੇਂ ਹੀ ਸੁਰਤੀਸਰਾਂ ਦੀ ਸੁਰਤੀ ਵਿਚਿ ਸਮਾਇਆ ਰਹਿੰਦਾ ਹੈ। ਇਸ ਸੁਰਤੀ ਵਾਲੀਆ ਸੁਰਤੀਸ਼ਰ ਸਖੀਆਂ ਸਦਾ ਹੀ ਸ੍ਰੇਸ਼ਟ ਸ਼ਬਦ ਦੀ ਅਨਹਦ ਧੁਨੀ ਵਿਚਿ ਇੱਕ-ਮਿੱਕ ਹੋ ਕੇ ਓਤਿ ਪੋਤਿ ਮਿਲੀਆਂ ਰਹਿੰਦੀਆਂ ਹਨ। ਅਜਿਹੇ ਗੁਰਮੁਖ ਸਖਾ ਸੁਹੇਲੇ ਸਜਨਾਂ ਦਾ ਵਾਹਿਗੁਰੂ ਰੂਪੀ ਨਿਜ ਘਰ ਵਿਚਿ ਵਾਸਾ ਵਸੀਜਿਆ ਹੀ ਰਹਿੰਦਾ ਹੈ। ਗੁਰੂ ਘਰ ਦਾ ਗੁਰਮੰਤ੍ਰ ਸ਼ਬਦ ਖੋਜਿਆਂ (ਕਮਾਈ ਕੀਤ੍ਰਿਆਂ) ਇਹ ਸੱਚੜਾ ਘਰ ਲਹੀਂਦਾ (ਲਖੀਦਾ) ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸ਼ਬਦ ਮਾਰਗੀ ਗੁਰਮੁਖਿ ਸਿੱਖਾਂ ਦੇ ਅਸੀਂ ਸਦਾ ਦਾਸ ਹਾਂ। ਇਸ ਪਦ ਨੂੰ ਪ੍ਰਾਪਤ ਹੋ ਕੇ ਗੁਰਮੁਖਿ ਜਨ ਆਪਣੇ ਘਟ ਅੰਦਰਿ ਹੀ ਸ਼ਬਦ ਗੁਰਮੰਤ੍ਰ ਦਾ ਅਨਹਦ ਅਭਿਆਸ ਖਿਨ ਖਿਨ ਸੁਣਦੇ ਰਹਿੰਦੇ ਹਨ। ਇਹ ਅਨਹਦ ਅਭਿਆਸੀ ਕਲਾ ਉਹਨਾਂ ਦੇ ਘਟ ਅੰਦਰਿ ਹੁੰਦੀ ਹੀ ਰਹਿੰਦੀ ਹੈ। ਵਾਹਿਗੁਰੂ ਪਿਆਰੇ ਰਾਜਨ ਦੀ ਇਹ ਅਕੱਥ ਕਥਾ ਸਾਰੇ ਘਟਾਂ ਅੰਦਰਿ ਹੀ ਹੁੰਦੀ ਉਹਨਾਂ ਨੂੰ ਸੁਣਾਈ ਦੇਂਦੀ ਹੈ।

(ਪੰਨਾ ੨ ਦਾ ਬਾਕੀ.........)

ਮਿਲ ਕੇ ਦੋ ਤੋਂ ਇੱਕ ਰੂਪ ਹੋ ਜਾਂਦੀਆਂ ਹਨ। ਉਨ੍ਹਾਂ ਦਾ ਪ੍ਰਭੂ ਦਰ ਆਉਣਾ ਜਾਣਾ ਬਣਿਆ ਰਹਿੰਦਾ ਹੈ। ਉਨ੍ਹਾਂ ਨੂੰ ਸ਼ਹੁ-ਪ੍ਰਭੂ ਕੋਲ ਆਉਣ ਜਾਣ ਤੇ ਕੋਈ ਰੋਕ ਟੋਕ ਨਹੀਂ ਸਕਦਾ।

**ਤਿਨ ਕੀ ਸੋਭਾ ਕਿਆ ਗਣੀ. ਜਿ ਸਾਹਿਬਿ ਮੇਲੜੀਆਹ।।**

(ਪੰਨਾ ੧੩੫)

ਪ੍ਰਭੂ ਪ੍ਰੀਤਮ ਨਾਲ ਇੱਕ ਮਿੱਕ ਹੋ ਚੁੱਕੀਆਂ ਜੀਵ ਇਸਤਰੀਆਂ ਦੀ ਸੋਭਾ (ਵਡਿਆਈ) ਬਿਆਨ ਤੋਂ ਬਾਹਰ ਹੈ। ਦਿਆਲੂ ਕਿਰਪਾਲੂ ਪ੍ਰਭੂ ਵੀ ਬੜਾ ਬੇਅੰਤ ਹੈ, ਉਹ ਦਰ ਢੱਠਿਆਂ ਦੀ ਲਾਜ ਤਾਂ ਰੱਖਦਾ ਹੀ ਹੈ। ਆਪਣੇ ਪਿਆਰਿਆਂ, ਭਗਤੀ ਕਰਨ ਹਾਰਿਆਂ ਨੂੰ ਆਪਣੇ ਗਲ ਲਾਉਂਦਾ ਹੀ ਹੈ, ਇਹ ਉਸ ਦਾ ਮੁੱਢ-ਕਦੀਆਂ ਦਾ ਸੁਭਾਉ ਹੈ।

**ਭਗਤ ਵਛਲੁ ਹਰਿ ਬਿਰਦੁ ਆਪਿ ਬਨਾਇਆ।।**
**ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ।।**

(ਪੰਨਾ ੪੫੬)

ਅਜੇਹੇ ਦਿਆਲੂ ਅਗਮ ਅਗਾਧ ਪ੍ਰਭੂ ਤੋਂ ਗੁਰੂ ਅਰਜਨ ਦੇਵ ਜੀ ਵਾਰਨੇ ਬਲਿਹਾਰਨੇ ਜਾਂਦੇ ਹਨ। ਜਿਸ ਜੀਵ ਤੇ ਵੇਪਰਵਾਹ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ, ਉਸ ਨੂੰ ਉਹ ਬਖਸ਼ ਲੈਂਦਾ ਹੈ, ਬਾਂਹ ਫੜ ਕੇ ਅੰਧ-ਕੂਪ ਤੋਂ ਬਾਹਰ ਕੱਢ ਲੈਂਦਾ ਹੈ, ਆਪਣੇ ਗਲ ਲਾ ਲੈਂਦਾ ਹੈ, ਮੁੜ ਵਿਛੋੜਾ ਨਹੀਂ ਪੈਂਦਾ-

**ਕਰੁ ਗਹਿ ਲੀਨੀ ਪਾਰਬ੍ਰਹਮਿ. ਬਹੁੜਿ ਨ ਵਿਛੁੜੀਆਹੁ।।**

ਪ੍ਰਭੂ ਪ੍ਰੀਤਮ ਅਜੇਹੀ ਜੀਵ ਇਸਤਰੀ ਦੇ ਸਾਰੇ ਅਵਗੁਣ ਮੁਆਫ ਕਰ ਦਿੰਦਾ ਹੈ। ਉਸ ਨੂੰ ਮਾਇਆ ਅਤੇ ਪੋਹ ਮਹੀਨੇ ਦਾ ਕੱਕਰ ਪਾਲਾ ਪੋਹ ਨਹੀਂ ਸਕਦਾ, ਉਸ ਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ। ਜਿਸ ਕਾਰਨ ਹਮੇਸ਼ਾਂ ਹੀ ਅਨੰਦ ਖੇੜਾ ਬਣਿਆ ਰਹਿੰਦਾ ਹੈ।

**ਮਰਣੰ ਬਿਸਰਣੰ ਗੋਬਿੰਦਹ।।**
**ਜੀਵਣੰ ਹਰਿ ਨਾਮ ਧਾਵਣਹ।।**

(ਪੰਨਾ੧੩੬੧)

(ਪ੍ਰਭੂ ਨੂੰ ਭੁੱਲ ਜਾਣਾ ਮੌਤ ਹੈ। ਹਰੀ ਦੇ ਨਾਮ ਨੂੰ ਧਿਆਉਣਾ ਜੀਵਨ ਹੈ।



www.AKJ.Org

# ਨਿਰਮਲੁ ਧੁੰਨ (੨)

(ਭਾਈ ਜਸਵੀਰ ਸਿੰਘ ਖਾਲਸਾ)

(ਲੜੀ ਜੋੜਨ ਲਈ ਦੇਖੋ "ਸੂਰਾ" ਨਵੰਬਰ ੧੯੯੫)

ਸੋ ਸੱਚੀ ਗੱਲ ਹੈ ਕਿ ਜਿਥੇ ਮੌਤ ਦਾ ਇੰਤਜ਼ਾਰ ਹੈ ਉਥੇ ਪਿਆਰ ਹੈ। ਜੇ ਪਿਆਰੇ ਦੀ ਇੰਤਜ਼ਾਰ ਰਹੇ ਤਾਂ ਪਿਆਰੇ ਦਾ ਪਿਆਰ ਰਹੇਗਾ। ਸਚਮੁੱਚ ਵਾਹਿਗੁਰੂ ਬੜਾ ਹੀ ਪਿਆਰਾ ਹੈ। ਪਿਆਰੇ ਦਾ ਪਿਆਰ ਵੀ ਬੜਾ ਪਿਆਰਾ ਹੈ। ਇਹ ਗੱਲ ਯਕੀਨੀ ਹੈ ਕਿ ਜਿਹੜੇ ਬ੍ਰਹਮ ਨਾਲ ਪਿਆਰ ਰੱਖਦੇ ਹਨ ਬ੍ਰਹਮ ਦੀ ਇੰਤਜ਼ਾਰ ਕਰਦੇ ਹਨ, ਇਹੋ ਪਿਆਰੇ ਦਾ ਪਿਆਰ ਹੀ ਉਹਨਾਂ ਲਈ ਪਰਮ ਧਨ ਹੈ। ਧਨ ਤਾਂ ਬਹੁਤ ਸੁਣੇ ਹਨ, ਇਹ ਐਸਾ ਪਰਮ ਧਨ ਹੈ ਜਿਹੜਾ ਬ੍ਰਹਮ ਦੀ ਇੰਤਜ਼ਾਰ ਵਿੱਚ ਪਿਆਰ ਕਰਦਾ ਹੈ, ਸੰਸਾਰ ਦਾ ਕੋਈ ਧਨ ਵੀ ਉਸ ਪਿਆਰ ਕਰਨ ਵਾਲੇ ਨੂੰ ਉਸ ਰਸਤੇ ਤੋਂ ਨਹੀਂ ਹਟਾ ਸਕਦਾ। ਕੋਈ ਲੋਭ ਉਸਨੂੰ ਪਰੇ ਨਹੀਂ ਹਟਾ ਸਕਦਾ। ਉਹ ਆਪਣੇ ਆਪ ਨੂੰ ਕੁਰਬਾਨ ਕਰ ਦੇਵੇਗਾ। ਪਰ ਪਿਆਰੇ ਦੀ ਇੰਤਜ਼ਾਰ ਤੇ ਪਿਆਰੇ ਦਾ ਪਿਆਰ ਨਹੀਂ ਛੱਡੇਗਾ। ਬਾਬਾ ਫਰੀਦ ਕਹਿ ਰਹੇ ਹਨ, ਹੇ ਕਾਉਂ ! ਤੂੰ ਮੇਰਾ ਸਾਰਾ ਮਾਸ ਖਾ ਲਿਆ ਹੈ, ਮੈਂ ਤੇਰੇ ਤੇ ਗਿਲਾ ਨਹੀਂ ਕੀਤਾ ਪਰ ਮੇਰੀਆਂ ਹੁਣ ਅੱਖਾਂ ਨੂੰ ਨਾਂ ਛੇੜੀਂ, ਮੈਨੂੰ ਅਜੇ ਭੀ ਪਿਆਰੇ ਦਾ ਇੰਤਜ਼ਾਰ ਹੈ।

**ਕਾਗਾ ਕਰੰਗ ਢੰਢੋਲਿਆ, ਸਗਲਾ ਖਾਇਆ ਮਾਸੁ।।**
**ਏ ਦੁਇ ਨੈਨਾ ਮਤਿ ਛੁਹਉ, ਪਿਰ ਦੇਖਨ ਕੀ ਆਸ।।**

(ਪੰਨਾ ੧੩੮੨)

ਪ੍ਰਭੂ ਪਿਆਰਿਆਂ ਕੋਲ ਜੇਕਰ ਕੋਈ ਸਭ ਤੋਂ ਕੀਮਤੀ ਖਜ਼ਾਨਾ ਹੈ ਤਾਂ ਇਹੋ ਪਿਆਰ ਹੈ। ਇਹੋ ਹੀ ਪਰਮ ਧਨ ਹੈ। ਲੇਕਿਨ ਜੇਕਰ ਕੋਈ ਪਿਆਰੇ ਨੂੰ ਜਾਣ ਲਏ, ਪਿਆਰੇ ਦੀ ਮਹਿਮਾ, ਪਿਆਰੇ ਦੇ ਗੁਣਾਂ ਨੂੰ ਜਾਣ ਲਏ, ਉਹ ਯਾਦ ਭੀ ਕਰੀ ਜਾਂਦੇ ਹਨ, ਇੰਤਜ਼ਾਰ ਭੀ ਕਰੀ ਜਾਂਦੇ ਹਨ, ਉਹਨਾਂ ਦਾ ਇਹ ਪਰਮ ਜੀਵਨ ਹੈ। ਜੀਉਂਦੇ ਤਾਂ ਸਾਰੇ ਹੀ ਹਨ ਪਰ ਐਸਾ ਜੀਵਨ ਕੋਈ ਵਿਰਲਾ ਹੀ ਜਿਉਂਦਾ ਹੈ। ਅਜਿਹਾ ਮਨੁੱਖ ਜਿਧਰ ਭੀ ਦੇਖਦਾ ਹੈ ਉਸਨੂੰ ਇਉਂ ਲੱਗਦਾ ਹੈ, ਪਰਮਾਤਮਾ ਦੀ ਬਣਾਈ ਹੋਈ ਸਾਰੀ ਰਚਨਾ ਉਸਨੂੰ ਯਾਦ ਕਰ ਰਹੀ ਹੈ। ਉਹ ਆਪ ਕਹਿੰਦਾ ਹੈ, ਪੱਤੇ ਪੱਤੇ ਨੂੰ ਕਹਿੰਦਾ ਹੈ ਕਿ ਤੁਸੀਂ ਵੀ ਯਾਦ ਕਰ ਰਹੇ ਹੋ, ਮੈਂ ਭੀ ਯਾਦ ਕਰ ਰਿਹਾ ਹਾਂ। ਬਨਸਪਤੀ ਦੇ ਖੇੜੇ ਨੂੰ ਕਹਿੰਦਾ ਹੈ ਕਿ ਤੁਹਾਡੇ ਖੇੜੇ ਵਿੱਚ ਭੀ ਪਰਮਾਤਮਾ ਦੀ ਯਾਦ ਹੈ। ਸਤਿਗੁਰੂ ਨਾਨਕ ਕਹਿੰਦੇ ਹਨ, ਬਬੀਹੇ ਨੂੰ ਭੀ ਯਾਦ ਹੈ। ਹੇ ਮਾਤਾ! ਬਬੀਹਾ ਬੋਲੀ ਜਾਂਦੈ, ਸੌਂਦਾ ਨਹੀਂ, ਇਉਂ ਜਾਪਦਾ ਹੈ ਇਹ ਭੀ ਮੇਰੇ ਤਰ੍ਹਾਂ ਸੱਜਣ ਤੋਂ ਵਿੱਛੜਿਆ ਹੋਇਆ ਹੈ, ਯਾਦ ਕਰ ਰਿਹਾ ਹੈ, ਜੇ ਬਬੀਹਾ ਨਹੀਂ ਸੌਂ ਸਕਦਾ ਮਾਤਾ! ਤੇਰਾ ਬੇਟਾ ਨਾਨਕ ਕਿਵੇਂ ਸੌਂ ਜਾਏ ? ਇਹ ਪਰਮਜੀਵਨ ਹੈ। ਪਰਮਜੀਵਨ ਵਾਲਾ ਕੋਬੀ ਜਾ ਰਿਹਾ ਹੈ, ਬੜੀ ਸੁਰੀਲੀ ਆਵਾਜ਼ ਸੁਣੀ ਤੇ ਮਸਤ ਹੋ ਗਿਆ, ਉੱਪਰ ਇੱਕ ਪੰਛੀ ਨੂੰ ਵੇਖਦਾ ਹੈ ਤੇ ਪਰਮਜੀਵਨ ਵਾਲਾ ਜੋ ਪਰਮਾਤਮਾ ਦੇ ਪਿਆਰ ਵਿੱਚ ਇੰਤਜ਼ਾਰ ਕਰ ਰਿਹਾ ਹੈ, ਜਿਸ ਦਾ ਰੋਮ ਰੋਮ ਪ੍ਰਭੂ ਦੇ ਗੁਣ ਗਾ ਰਿਹਾ ਹੈ, ਕਹਿੰਦਾ ਹੈ, "ਹੇ ਪੰਛੀ (ਕੋਇਲ)! ਤੇਰੀ ਆਵਾਜ਼ ਬੜੀ ਸੁਰੀਲੀ ਹੈ, ਬੜੀ ਮਿਠੜੀ ਹੈ, ਇਹ ਆਵਾਜ਼ ਨੇ ਮੇਰਾ ਮਨ ਮੋਹ ਲਿਐ ਪਰ ਮੈਨੂੰ ਤੂੰ ਇਹ ਦੱਸ ਕਿ ਤੇਰਾ ਰੰਗ ਕਿਉਂ ਕਾਲਾ ਹੋ ਗਿਐ ?" ਆਪਣੇ ਹੀ ਅਨੁਭਵ ਤੇ ਪਰਮਜੀਵਨ ਵਾਲਾ ਇਹ ਦਰਵੇਸ਼ ਫਕੀਰ ਕਹਿ ਰਿਹਾ ਹੈ। ਮੈਂ ਸਮਝ ਗਿਆ ਹਾਂ ਤੂੰ ਵੀ ਆਪਣੇ ਪ੍ਰੀਤਮ ਦੀ ਯਾਦ ਵਿੱਚ ਗੀਤ ਗਾ ਰਹੀ ਹੈਂ। ਤੇਰੇ ਅੰਦਰ ਭੀ ਆਪਣੇ ਸੱਜਣ ਦਾ ਇਤਨਾ ਬੈਰਾਗ ਹੈ ਕਿ ਤੂੰ ਉਸਨੂੰ ਯਾਦ ਕਰ ਕਰ ਕੇ ਆਪਣਾ ਰੰਗ ਕਾਲਾ ਕਰ ਲਿਆ ਹੈ। ਮੈਂ ਸਮਝ ਗਿਆ ਹਾਂ ਜਿਹੜੇ ਸੱਜਣ ਦੀ ਯਾਦ ਵਿੱਚ ਰਹਿੰਦੇ ਹਨ ਉਹਨਾਂ ਨੂੰ ਆਪਣੇ ਰੰਗਾਂ ਦੀ ਭੀ ਪ੍ਰਵਾਹ ਨਹੀਂ ਰਹਿੰਦੀ। ਜਿਹੜੇ ਸੱਜਣ ਦੀ ਯਾਦ ਵਿੱਚ ਰਹਿੰਦੇ ਹਨ ਉਹ ਤਾਂ ਕਹਿੰਦੇ ਹਨ :-

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ।।**
**ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ, ਸੁਕਿ ਗਏ ਕੁਮਲਾਇ।।**

(ਪੰਨਾ ੧੩੭੯)

ਉਹ ਕਹਿੰਦੇ ਹਨ ਸੱਚਾ ਜੋਬਨ ਉਹੀ ਹੈ ਜਿਸ ਜੋਬਨ ਵਿੱਚ ਪਿਆਰੇ ਦਾ ਨਿਖਾਰ ਹੋਵੇ। ਜਿਸ ਜੋਬਨ ਵਿੱਚ ਪਿਆਰੇ ਦਾ ਰੰਗ ਹੋਵੇ। ਜਿਸ ਜੋਬਨ ਵਿੱਚ ਪਿਆਰੇ ਦਾ ਰੰਗ ਹੋਵੇ, ਉਹ ਰੰਗਿਆ ਹੋਇਆ ਜੋਬਨ ਹੈ। ਜਿਸ ਜੋਬਨ ਵਿੱਚ ਪਿਆਰੇ ਦਾ ਰੰਗ ਹੀ ਨਹੀਂ ਉਹ ਤਾਂ ਵਿਖਾਵਾ ਹੈ। ਦਿਖਾਵੇ ਨਾਲ ਕਦੀ ਸਾਂਈ ਨਹੀਂ ਰੀਝਦਾ। ਸਾਂਈ ਉਦੋਂ ਰੀਝਦਾ ਹੈ ਜਦੋਂ ਕੋਈ ਉਸਦਾ ਰੰਗ ਚੜ੍ਹਾ ਲੈਂਦਾ ਹੈ। ਉਹ ਪਰਮ ਜੀਵਨ ਹੈ।

ਜਿਸਨੇ ਬ੍ਰਹਮ ਦੀ ਖੋਜ ਕੀਤੀ ਹੈ, ਇੰਤਜ਼ਾਰ ਕਰਦੇ ਕਰਦੇ ਲਭਣ ਤੁਰ ਪਿਆ ਹੈ, ਆਪਣੇ ਪਿਆਰੇ



www.AKJ.Org

ਦੀ ਇੰਤਜ਼ਾਰ ਕਰਦੇ ਕਰਦੇ ਪੁੱਛਣ ਤੁਰ ਪਿਆ ਹੈ। ਦੁਹਾਗਣ, ਸੁਹਾਗਣ ਨੂੰ ਪੁੱਛਣ ਚਲੀ ਆਉਂਦੀ ਹੈ। ਸਿੱਖ, ਗੁਰੂ ਨੂੰ ਪੁਛਣ ਚਲਾ ਜਾਂਦਾ ਹੈ। ਜੋ ਬ੍ਰਹਮ ਦੀ ਖੋਜ ਵਿੱਚ ਤੁਰ ਪਿਆ ਹੈ, ਸੰਸਾਰ ਬੇਸ਼ਕ ਸਮਝਦਾ ਹੋਵੇ ਇਹ ਦੁਖ ਹੈ, ਕਸ਼ਟ ਵਾਲਾ ਰਸਤਾ ਹੈ ਪਰ ਅਸਲ ਵਿੱਚ ਇਹ ਪਰਮਸੁਖ ਹੈ। ਇਸ ਤੋਂ ਵੱਡਾ ਸੁਖ ਨਹੀਂ ਹੈ। ਹੋਰ ਸਾਰੀਆਂ ਖੋਜਾਂ ਵਿੱਚ ਦੁਖ ਹਨ ਪਰ ਇਥੇ ਪਰਮ ਸੁੱਖ ਹੈ। ਜੋ ਬ੍ਰਹਮ ਦੀ ਖੋਜ ਵਿੱਚ ਨਿਕਲਦਾ ਹੈ, ਇਹ ਖੋਜ ਆਪਣੇ ਆਪ ਨਹੀਂ ਹੋ ਸਕਦੀ। ਉਨ੍ਹਾਂ ਕੋਲੋਂ ਪੁਛਣਾ ਪੈਂਦਾ ਹੈ ਜਿਨ੍ਹਾਂ ਨੇ ਖੋਜ ਲਿਆ ਹੈ। ਸਾਡੇ ਕੋਲ ਕੋਈ ਦਬਿਆ ਹੋਇਆ ਖਜ਼ਾਨਾ ਪਿਆ ਹੋਵੇ ਤੇ ਉਹ ਕਿਥੇ ਹੈ ? ਪੁੱਛ ਲਈਏ ਤਾਂ ਖਜ਼ਾਨਾ ਪੁੱਟਣ ਤਕ ਤਾਂ ਕਸ਼ਟ ਹੈ ਪਰ ਜਦ ਖਜ਼ਾਨਾ ਮਿਲ ਗਿਆ ਤਾਂ ਫਿਰ ਪਰਮ ਸੁਖ ਹੈ। ਖੋਜ ਕਰਦਿਆਂ ਕੁਝ ਸਮਾਂ ਲਗ ਸਕਦਾ ਹੈ, ਕਸ਼ਟ ਹੋ ਸਕਦਾ ਹੈ, ਪਰ ਜਦੋਂ ਖੋਜ ਪੂਰੀ ਹੋ ਗਈ ਤਾਂ ਫਿਰ ਖੋਜੀ ਤੇ ਚੋਜੀ ਮਿਲ ਗਿਆ, ਫਿਰ ਤਾਂ ਪਰਮ ਸੁਖ ਹੈ। ਹੁਣ ਖੋਜ ਵਿੱਚ ਆਲਸ ਨਹੀਂ ਹੋ ਸਕਦਾ। ਗੁਣ ਗਾਉਣ ਵਿੱਚ ਸਚਮੁੱਚ ਪਿਆਰੇ ਦੀ ਇੰਤਜਾਰ ਹੈ, ਤੇ ਕੋਈ ਪਰਮ ਜੀਵਨ ਵੱਲ ਤੁਰ ਪਿਆ ਹੈ ਤਾਂ ਆਲਸ ਨਹੀਂ ਹੈ। ਸਾਧੂ ਵੀ ਖੋਜ ਕਰਦਾ ਹੈ। ਜਿਹੜਾ ਪਰਮੇਸ਼ਰ ਦੀ ਖੋਜ ਵਿੱਚ ਤੁਰ ਪਿਆ ਹੈ, ਸਾਧਨਾ ਕਰ ਰਿਹਾ ਹੈ, ਉਹ ਸਾਧੂ ਹੈ ਤੇ ਸਾਧੂ ਜਿੱਥੇ ਬੈਠਦਾ ਹੈ ਉਹ ਥਾਨ ਸੋਹੰਦਾ ਹੈ। ਜਿਹੜਾ ਖੋਜ ਨਹੀ ਕਰਦਾ, ਜਿਸਨੇ ਪਰਮੇਸ਼ਰ ਦੇ ਪਿਆਰ ਲਈ ਸਾਧਨਾ ਨਹੀਂ ਕੀਤੀ ਤਾਂ ਸਾਹਿਬ ਕਹਿੰਦੇ ਹਨ ਭਾਵੇਂ ਉਹ ਵਸਦੇ ਸ਼ਹਿਰ ਵਿੱਚ ਤਾਂ ਰਹਿੰਦਾ ਹੈ, ਬੇਸ਼ੱਕ ਉਸਨੇ ਉਸਨੂੰ ਸੱਚ ਮੰਨਿਆ ਹੋਇਆ ਹੈ, ਪਰ ਉਹ ਜਗ੍ਹਾ ਉਜਾੜ ਹੈ, ਉਹ ਝੂਠ ਹੈ, ਉਹ ਭਿਅੰਕਰ ਜੰਗਲ ਹੈ। ਜਿਸਨੇ ਬ੍ਰਹਮ ਤੱਕ ਪਹੁੰਚ ਕਰ ਲਈ ਹੈ, ਉਹ ਸੰਤ ਹੈ। ਜਿਸਨੇ ਬ੍ਰਹਮ ਬਾਰੇ ਜਾਣ ਲਿਆ ਹੈ, ਉਹ ਗਿਆਨੀ ਹੈ। ਜਿਸਨੇ ਬ੍ਰਹਮ ਨੂੰ ਹੀ ਪਾ ਲਿਆ ਹੈ, ਉਹ ਬ੍ਰਹਮ ਗਿਆਨੀ ਹੈ। ਜੇ ਬ੍ਰਹਮ ਦੀ ਪਹਿਚਾਣ ਹੋ ਜਾਏ ਤਾਂ ਇੱਕ ਗੱਲ ਸਮਝ ਵਿੱਚ ਆ ਸਕਦੀ ਹੈ ਕਿ ਉਸ ਵਿਅਕਤੀ ਦੇ ਅੰਦਰੋਂ ਉਤਸ਼ਾਹ ਉਪਜੇਗਾ। ਸਤਿਗੁਰੂ ਕਹਿੰਦੇ ਹਨ, ਬ੍ਰਾਹਮਣ ਉਹ ਜੋ ਬ੍ਰਹਮ ਦੀ ਪਹਿਚਾਣ ਕਰੇ।

**ਬ੍ਰਹਮੁ ਬਿੰਦੈ ਤਿਸਦਾ ਬ੍ਰਹਮਤੁ ਰਹੈ**
**ਏਕ ਸਬਦਿ ਲਿਵ ਲਾਇ।।** (ਪੰਨਾ ੬੪੯)

ਜਿਹੜਾ ਆਤਮਕ ਜੀਵਨ ਦੇਣ ਵਾਲੇ ਪ੍ਰਭੂ ਦੇ ਨਾਮ ਜਲ ਵਿੱਚ ਟਿਕਿਆ ਹੋਇਆ ਹੈ ਉਸਨੇ ਹੀ ਬ੍ਰਹਮ ਦੀ ਪਹਿਚਾਣ ਕੀਤੀ ਹੈ। ਮਨੁੱਖਾਂ ਨੇ ਬ੍ਰਹਮ ਨੂੰ ਪਹਿਚਾਨਣ ਵਾਸਤੇ ਕਈ ਪ੍ਰਕਾਰ ਦੇ ਸਾਧਨ ਬਣਾਏ ਹਨ। ਹਰ ਮਨੁੱਖ ਨੂੰ ਸੋਚਣਾ ਪਏਗਾ ਕਿ ਜਿਹੜੇ ਸਾਧਨ ਉਸਨੇ ਬ੍ਰਹਮ ਦੀ ਪ੍ਰਾਪਤੀ ਲਈ ਬਣਾਏ ਹਨ ਉਨ੍ਹਾਂ ਦਾ ਨਤੀਜਾ ਕੀ ਹੈ ? ਉਹਨਾਂ ਤੋਂ ਪ੍ਰਾਪਤੀ ਕੀ ਹੈ ? ਕਿਤੇ ਅਸੀਂ ਕੱਲਰ ਖੇਤੀ ਨੂੰ ਪਾਣੀ ਤਾਂ ਨਹੀਂ ਦੇਈ ਜਾਂਦੇ ? ਕੋਈ ਬ੍ਰਹਮ ਦੀ ਪਹਿਚਾਣ ਕਰਨ ਵਾਸਤੇ ਪੁਠਾ ਲਟਕ ਰਿਹਾ ਹੈ। ਕੋਈ ਇੱਕ ਲੱਤ ਦੇ ਭਾਰ ਤੇ ਖਲੋ ਗਿਐ, ਕੋਈ ਧੂਣੀਆਂ ਤਪਾ ਰਿਹੈ, ਕੋਈ ਜਲਧਾਰੇ ਕਰ ਰਿਹੈ, ਕੋਈ ਜੰਗਲਾਂ ਵਿੱਚ ਘੁੰਮਦਾ ਫਿਰਦਾ ਹੈ। ਨਤੀਜਾ ਕੀ ਹੈ ? ਕਿਤੇ ਸਾਡਾ ਅਮੋਲਕ ਜੀਵਨ ਇੰਞ ਤਾਂ ਨਹੀਂ ਜ਼ਾਇਆ ਹੋ ਰਿਹਾ। ਜਿਵੇਂ ਖੇਤੀ ਨੂੰ ਦਿੱਤਾ ਪਾਣੀ ਜ਼ਾਇਆ ਹੋ ਰਿਹੈ। ਦੂਸਰੀ ਗੱਲ ਵਿਚਾਰਨ ਵਾਲੀ ਹੈ ਮਨੁੱਖ ਦੇ ਸਾਧਨਾਂ ਤੋਂ ਬਾਅਦ ਮਨੁੱਖ ਦੇ ਵਿਚਾਰ ਕੈਸੇ ਹਨ ? ਇਹ ਠੀਕ ਹੈ, ਆਲਸ ਖਤਮ ਹੋਣ ਤੋਂ ਬਾਅਦ ਮਨੁੱਖ ਬ੍ਰਹਮ ਦੀ ਪਹਿਚਾਣ ਕਰਨ ਵਾਲੇ ਰਸਤੇ ਤੇ ਤੁਰ ਪਿਆ ਹੈ, ਮਨ ਵਿੱਚ ਪਿਆਰ ਤੇ ਇੰਤਜ਼ਾਰ ਹੈ, ਲੇਕਿਨ ਸਾਧਨਾਂ ਵਿੱਚ ਕੋਈ ਅੰਤਰ ਹੈ। ਕੋਈ ਬ੍ਰਹਮ ਨੂੰ ਪਹਿਚਾਨਣ ਦੇ ਰਸਤੇ ਤੁਰ ਪਵੇ, ਬੜੀ ਹੀ ਖੁਸ਼ੀ ਦੀ ਗੱਲ ਹੈ ਪਰ ਇਸ ਰਸਤੇ ਤੇ ਤੁਰ ਕੇ ਜੋ ਸਾਧਨ ਅਪਣਾਏ ਜਾਣੇ ਹਨ ਉਹ ਵੀ ਵਿਚਾਰਨੇ ਪੈਣਗੇ। ਇਸ ਰਸਤੇ ਤੇ ਤੁਰਿਆਂ ਕਿਤੇ ਮਨੁੱਖ ਦੇ ਐਸੇ ਵੀਚਾਰ ਤਾਂ ਨਹੀਂ ਕਿ ਗਾਰੇ ਦੀ ਦੀਵਾਰ ਨੂੰ ਕੋਈ ਚੂਨਾ ਪਲੱਸਤਰ ਥੱਪੀ ਜਾਵੇ। ਉਹ ਦੀਵਾਰ ਖੜੋ ਨਹੀਂ ਸਕਦੀ। ਹੇ ਮਨੁੱਖ ! ਯਤਨ ਤਾਂ ਤੂੰ ਬ੍ਰਹਮ ਨੂੰ ਪਾਉਣ ਦਾ ਕਰ ਰਿਹਾ ਹੈ ਪਰ ਕਿਤੇ ਤੇਰੇ ਖਿਆਲ ਇਤਨੇ ਕੱਚੇ ਤਾਂ ਨਹੀਂ। ਹੇ ਬੰਦੇ ! ਉਪਰੋਂ ਤਾਂ ਵਿਖਾਵੇ ਦਾ ਪਲੱਸਤਰ ਜ਼ਰੂਰ ਕਰ ਰਿਹੈਂ ਪਰ ਅੰਦਰੋਂ ਜੇ ਤੇਰੀ ਨੀਂਹ ਹੀ ਹਿੱਲੀ ਹੋਵੇ ਤਾਂ ਕੇਵਲ ਵਿਖਾਵੇ ਨਾਲ ਬ੍ਰਹਮ ਨਹੀਂ ਮਿਲ ਸਕਦਾ।

ਅਗਲਾ ਸੁਆਲ ਇਹ ਹੈ, ਕਈ ਸੋਚਦੇ ਹਨ ਬ੍ਰਹਮ ਨੂੰ ਪਾਉਣ ਲਈ ਬ੍ਰਹਮ ਦੀ ਪੂਜਾ ਚਾਹੀਦੀ ਹੈ। ਹੁਣ ਇਹ ਵੀ ਵਿਚਾਰ ਕਰਨਾ ਪਏਗਾ, ਮਨੁੱਖ ਦੀ ਪੂਜਾ ਦਾ ਢੰਗ ਕੀ ਹੈ ? ਜੇ ਮੈਂ ਪੂਜਾ ਤਾਂ ਉਸਦੀ ਕਰੀ ਜਾਵਾਂ ਜਿਸਦਾ ਮੈਂ ਪੁਜਾਰੀ ਹਾਂ ਪਰ ਮੈਂ ਉਸਦੀ ਗੱਲ ਨਾ ਮੰਨਾਂ ਤਾਂ ਪੂਜਾ ਦਾ ਲਾਭ ਨਹੀਂ ਹੈ। ਜਿਸਦੀ ਮੈਂ ਪੂਜਾ ਕਰ



www.AKJ.Org

ਰਿਹਾ ਹਾਂ ਉਹ ਮੈਨੂੰ ਕਹੇ ਕਿ ਤੂੰ ਨਸ਼ਾ ਨਾ ਪੀ, ਪਰ ਮੈਂ ਕਹਾਂ ਕਿ ਮੈਂ ਤੇਰੇ ਤੇ ਫੁੱਲਾਂ ਦੀ ਵਰਖਾ ਤਾਂ ਜ਼ਰੂਰ ਕਰਾਂਗਾ ਪਰ ਮੈਂ ਨਸ਼ਾ ਵੀ ਪੀਆਂਗਾ। ਮੈਂ ਕਹਾਂ ਮੈਂ ਤੇਰੀਆਂ ਆਰਤੀਆਂ ਵੀ ਜ਼ਰੂਰ ਕਰਾਂਗਾ ਲੇਕਿਨ ਮੰਦੇ ਕਰਮ ਭੀ ਕਰਾਂਗਾ। ਮੈਂ ਭੋਜਨ ਤਾਂ ਬੜੇ ਬੜੇ ਕਰਾ ਦਿਆਗਾਂ ਲੇਕਿਨ ਮੈਂ ਗਰੀਬਾਂ ਦਾ ਖੂਨ ਜ਼ਰੂਰ ਚੂਸਾਂਗਾ। ਤਾਂ ਗੁਰੂ ਨਾਨਕ ਦੇਵ ਜੀ ਨੇ ਕਹਿ ਦਿੱਤਾ, *"ਹੇ ਮਲਕ ਭਾਗੋ ! ਤੇਰਾ ਪ੍ਰਸ਼ਾਦਾ ਮੈਂ ਛੱਕ ਨਹੀਂ ਸਕਦਾ, ਤੇਰਾ ਇਹ ਢੰਗ ਹੈ ਪੂਜਣ ਦਾ ਦਿਖਾਵੇ ਦੇ ਤੌਰ ਤੇ ਬ੍ਰਹਮ ਨੂੰ ਖੁਸ਼ ਕਰਨਾ ਚਾਹੁੰਦਾ ਹੈਂ ਲੇਕਿਨ ਸੰਸਾਰ ਨੂੰ ਵੀ ਖੁਸ਼ ਕਰਨਾ ਚਾਹੁੰਦਾ ਹੈ ਪਰ ਤੇਰੇ ਪ੍ਰਸ਼ਾਦ ਵਿੱਚ ਗਰੀਬਾਂ ਦਾ ਚੂਸਿਆ ਹੋਇਆ ਖੂਨ ਹੈ ਸੋ ਮੈਂ ਇਹ ਪ੍ਰਸ਼ਾਦਾ ਛੱਕ ਨਹੀਂ ਸਕਦਾ।"* ਸੋ ਫਿਰ ਪੁਜਾਰੀ ਕੌਣ ਹੈ ?

**"ਠਾਕੁਰ ਕਾ ਸੇਵਕੁ ਆਗਿਆਕਾਰੀ।।**
**ਠਾਕੁਰ ਕਾ ਸੇਵਕੁ ਸਦਾ ਪੂਜਾਰੀ।।** (ਪੰਨਾ ੨੮੫)

ਜੋ ਆਗਿਆਕਾਰੀ ਹੈ, ਉਹੀ ਪੁਜਾਰੀ ਹੈ। ਜਿਸਦੀ ਪੂਜਾ ਕੀਤੀ ਜਾਵੇ, ਉਸਦੇ ਨੇਮ ਉੱਤੇ ਚੱਲਿਆ ਜਾਵੇ। ਜਿਸਦੀ ਪੂਜਾ ਕੀਤੀ ਜਾਵੇ, ਉਸਦੇ ਗੁਣਾਂ ਨੂੰ ਸਮਝਿਆ ਜਾਵੇ। ਜੇ ਅਸੀਂ ਗੁਣਾਂ ਨੂੰ ਨਹੀਂ ਸਮਝ ਰਹੇ ਤਾਂ ਦਿਖਾਵਾ ਹੈ। ਦਿਖਾਵੇ ਤੇ ਮੇਰਾ ਸਾਹਿਬ ਪ੍ਰਸੰਨ ਨਹੀਂ ਹੁੰਦਾ। ਹੁਣ ਵਿਚਾਰ ਕਰਦੇ ਹਾਂ ਜਿਸਨੇ ਬ੍ਰਹਮ ਨੂੰ ਲੱਭਣਾ ਹੈ ਉਸਦੀ ਜੀਵਨ ਦੀ ਵਿਚਾਰਧਾਰਾ ਕੀ ਹੈ ? ਗਲ ਵਿੱਚ ਪਾਈ ਹੋਈ ਮਾਲਾ ਜਾਂ ਹੱਥ ਵਿੱਚ ਫੜੀ ਹੋਈ ਮਾਲਾ ਮੇਰੇ ਬ੍ਰਹਮ ਦੀ ਪਹਿਚਾਣ ਨਹੀਂ ਕਰ ਸਕਦੀ ਜਿਤਨੀ ਦੇਰ ਤੱਕ ਮੇਰਾ ਜੀਵਨ ਹੀ ਮਾਲਾ ਨਾ ਬਣ ਜਾਵੇ। ਮੇਰੇ ਜੀਵਨ ਦਾ ਹਰ ਮਣਕਾ ਪ੍ਰਭੂ ਦੇ ਗੁਣਾਂ ਵਾਲਾ ਹੋਣਾ ਚਾਹੀਦਾ ਹੈ। ਮੁਬਾਰਕ ਹਨ ਮਾਲਾ ਦੇ 108 ਮਣਕੇ ਜੇ ਮੇਰੇ ਅੰਦਰ ਭੀ 108 ਗੁਣ ਆ ਜਾਣ ਤਾਂ ਕਿਤਨਾ ਚੰਗਾ ਹੈ। ਫਿਰ ਤਾਂ ਜੀਵਨ ਦੀ ਮਾਲਾ ਬਣ ਜਾਏ। ਹੇ ਭਾਈ ! ਭਾਵੇਂ ਤੂੰ ਵਿਖਾਵੇ ਵਜੋਂ 108 ਮਣਕਿਆਂ ਦੀ ਮਾਲਾ ਫੇਰਦਾ ਹੈਂ ਪਰ ਮੈਂ ਯਕੀਨ ਨਾਲ ਕਹਿ ਸਕਦਾ ਹਾਂ, ਜੇ ਮੇਰਾ ਜੀਵਨ ਹੀ ਮਾਲਾ ਬਣ ਜਾਏ ਤਾਂ ਪ੍ਰਭੂ ਇਸ ਮਾਲਾ ਨੂੰ ਆਪਣੇ ਹੱਥਾਂ ਵਿੱਚ ਫੜਕੇ ਘੁਮਾਏਗਾ, ਕਿਉਂ ਕਿ ਮੇਰੇ ਜੀਵਨ ਨੂੰ ਉਹ ਸਾਂਭ ਲਏਗਾ। ਪਰ ਇਹ ਸਾਰੀਆਂ ਗੱਲਾਂ ਦਾ ਆਧਾਰ ਇੱਕ ਸੰਜਮ ਹੈ। ਦੇਖਿਆ ਜਾਏ, ਸੰਜਮ ਸਾਡੇ ਜੀਵਨ ਵਿੱਚ ਆਮ ਵਰਤਦਾ ਭੀ ਹੈ ਪਰ ਅਸੀਂ ਸਮਝਦੇ ਨਹੀਂ। ਸੰਜਮ ਨੂੰ ਜ਼ਰਾ ਸਮਝੀਏ। ਹਰ ਸੰਜਮ ਦਾ ਜਨਮ ਭੈ ਵਿਚੋਂ ਹੁੰਦਾ ਹੈ। ਬਿਨ੍ਹਾਂ ਭੈ ਤੋਂ ਸੰਜਮ ਦਾ ਜਨਮ ਨਹੀਂ ਹੁੰਦਾ। ਅਸੀਂ ਖਾਣਾ ਇਸ ਕਰ ਕੇ ਸੰਜਮ ਵਿੱਚ ਖਾਂਦੇ ਹਾਂ, ਸਾਨੂੰ ਬੀਮਾਰੀ ਦਾ ਡਰ ਹੈ। ਪਿਤਾ ਦੇ ਕੋਲ ਖਲੋਤਿਆਂ ਕੋਈ ਬੱਚਾ ਸ਼ਰਾਰਤ ਨਹੀਂ ਕਰਦਾ ਕਿਉਂਕਿ ਉਸ ਨੂੰ ਪਿਤਾ ਦਾ ਡਰ ਹੈ। ਜੇਕਰ ਸਮਾਜ ਵਿੱਚ ਚੰਗੀ ਇਜ਼ਤ ਰੱਖਣ ਵਾਲਾ ਬੰਦਾ ਕੋਈ ਸਮਾਜਕ ਕੁਰੀਤੀ ਨਹੀਂ ਕਰਦਾ ਕਿਉਂਕਿ ਉਸ ਨੂੰ ਸਮਾਜ ਦਾ ਡਰ ਹੈ। ਬੋਲਣ ਦਾ ਸੰਜਮ ਹੈ ਤਾਂ ਭੈ ਹੈ, ਖਾਣ ਦਾ ਵੀ ਸੰਜਮ ਹੈ ਤਾਂ ਭੈ ਹੈ, ਜੇ ਜੀਵਨ ਦੀ ਯਾਤ੍ਰਾ ਵਿੱਚ ਸੰਜਮ ਹੈ ਤਾਂ ਭੈ ਕਰਕੇ ਹੈ। ਪਰ ਜੇ ਸਿਰਫ ਭੈ ਦੀ ਹੀ ਗੱਲ ਕਰੀਏ ਤਾਂ ਭੈ ਨੂੰ ਵੀ ਮੈਲ ਚੜ੍ਹਦੀ ਹੈ। ਮੈਲੇ ਭੈ ਵਿਚੋਂ ਪੈਦਾ ਹੋਇਆ ਸੰਜਮ ਭੀ ਮੈਲਾ ਹੈ। ਚੋਰ ਚੋਰੀ ਕਰਦਾ ਹੈ, ਉਸ ਨੂੰ ਭੀ ਡਰ ਹੈ ਕਿਤੇ ਮੈਨੂੰ ਕੋਈ ਪਕੜ ਨਾ ਲਵੇ। ਉਸਦਾ ਭੈ ਮੈਲਾ ਹੈ। ਉਹ ਆਪਣੇ ਆਪ ਨੂੰ ਬਚਾਉਣ ਲਈ ਜੋ ਸੰਜਮ ਕਰਦਾ ਹੈ, ਉਹ ਭੀ ਮੈਲਾ ਹੈ। ਠੱਗ ਠੱਗੀ ਕਰਦਾ ਹੈ। ਠੱਗੀ ਨੂੰ ਜ਼ਾਹਿਰ ਹੋਣ ਤੋਂ ਬਚਾਉਣ ਲਈ ਜੋ ਸੰਜਮ ਕਰਦਾ ਹੈ, ਉਹ ਭੀ ਮੈਲੀ ਹੈ। ਪਰ ਜੇਕਰ ਕੋਈ ਬ੍ਰਹਮ ਨੂੰ ਪਾਉਣਾ ਚਾਹੇ ਤਾਂ ਪਰਮੇਸ਼ਰ ਨਿਰਮਲ ਹੈ, ਤਾਂ ਨਿਰਮਲ ਭੈ ਵਿਚੋਂ ਨਿਰਮਲ ਸੰਜਮ ਪੈਦਾ ਹੋਏਗਾ। ਗੁਰਵਾਕ ਹੈ-

**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ**
**ਹਰਿ ਵੇਖੈ ਰਾਮੁ ਹਦੂਰੇ।।** (ਪੰਨਾ ੭੭੪)

ਕਿਉਂਕਿ ਨਿਰਮਲ ਦੇ ਨਾਲ ਜੁੜੀ ਹੋਈ ਹਰ ਗਲ ਨਿਰਮਲ ਹੈ। ਨਿਰਮਲ ਦੇ ਨਾਲ ਜੁੜਿਆ ਹੋਇਆ ਹਰ ਵੀਚਾਰ ਨਿਰਮਲ ਹੈ। ਨਿਰਮਲ ਦੇ ਨਾਲ ਕੀਤਾ ਹੋਇਆ ਸੰਗ ਨਿਰਮਲ ਹੈ। ਨਿਰਮਲ ਦੇ ਅੱਗੇ ਕੀਤੀ ਹੋਈ ਅਰਦਾਸ ਭੀ ਨਿਰਮਲ ਹੈ। ਨਿਰਮਲ ਦੇ ਚਰਨਾਂ ਤੇ ਟੇਕਿਆ ਹੋਇਆ ਮੱਥਾ ਭੀ ਨਿਰਮਲ ਹੈ। ਨਿਰਮਲ ਭੈ ਵਿਚੋਂ ਨਿਰਮਲ ਸੰਜਮ ਪੈਦਾ ਹੁੰਦਾ ਹੈ। ਜਦੋਂ ਨਿਰਮਲ ਸੰਜਮ ਪੈਦਾ ਹੋ ਜਾਏ, ਸੱਚ ਹੈ ਫਿਰ ਉਸਦੀ ਨਿਰਮਲ ਬੁੱਧ ਬਣ ਜਾਏਗੀ। ਜਿਥੇ ਸਿਰਫ ਭੈ ਵਿਚੋਂ ਸੰਜਮ ਪੈਦਾ ਹੋਇਆ ਹੈ, ਉਸਦੀ ਬੁੱਧ ਕੁਬੁਧ ਭੀ ਹੋ ਸਕਦੀ ਹੈ। ਚੋਰ ਚੋਰੀ ਕਰਕੇ ਆਪਣੇ ਆਪ ਨੂੰ ਬਚਾ ਲਵੇਗਾ ਤਾਂ ਮਾੜੀ ਬੁਧ ਫਿਰ ਕਹੇਗੀ ਕਿ ਹੋਰ ਚੋਰੀ ਕਰ। ਹੋਰ ਕਿਸੇ ਦੇ ਘਰ ਪਾੜਾ ਪਾ। ਠੱਗ ਠੱਗੀ ਕਰਕੇ ਬਚ ਗਿਆ ਫਿਰ ਹੋਰ ਕੋਸ਼ਿਸ਼ ਕਰੇਗਾ ਕਿਸੇ ਹੋਰ ਦੇ ਘਰ ਠੱਗੀ ਕਰ। ਪਰ ਨਿਰਮਲ ਭੈ ਵਿਚੋਂ ਪੈਦਾ ਹੋਇਆ



www.AKJ.Org

ਸੰਜਮ ਕੁਬੁਧ ਨਹੀਂ, ਬੁੱਧ ਨੂੰ ਜਨਮ ਦਿੰਦਾ ਹੈ। ਬੁੱਧ ਨਿਰਨਾ ਕਰਦੀ ਹੈ। ਨਿਰਮਲ ਬੁੱਧ ਹਮੇਸ਼ਾਂ ਨਿਰਮਲ ਉਤਸ਼ਾਹ ਪੈਦਾ ਕਰੇਗੀ। ਮਾੜੇ ਕੰਮਾਂ ਲਈ ਮਾੜਾ ਤੇ ਚੰਗੇ ਕੰਮਾਂ ਲਈ ਚੰਗਾ ਉਤਸ਼ਾਹ ਪੈਦਾ ਹੁੰਦਾ ਹੈ। ਲੋਕੀਂ ਮਾੜੇ ਕੰਮਾਂ ਲਈ ਭੱਜੇ ਫਿਰਦੇ ਹਨ।

ਇਕ ਬੁਰਾ ਕੰਮ ਕਰਨਾ ਹੋਵੇ ਤਾਂ ਝੱਟ ਆਲਸ ਚਲਾ ਜਾਂਦਾ ਹੈ। ਸੱਚੀ ਗੱਲ ਕਰਨੀ ਹੋਵੇ, ਬੰਦਾ ਸੁੱਤਾ ਪਿਆ ਹੈ। ਨਿਰਮਲ ਭੈ, ਨਿਰਮਲ ਸੰਜਮ ਤੇ ਨਿਰਮਲ ਬੁੱਧ ਕਰਕੇ ਜਦੋਂ ਨਿਰਮਲ ਉਤਸ਼ਾਹ ਪੈਦਾ ਹੋ ਜਾਏ ਤਾਂ ਜਿਸ ਪਰਮਾਤਮਾ ਲਈ ਇਹ ਉਤਸ਼ਾਹ ਪੈਦਾ ਹੋਏਗਾ ਤਾਂ ਮਨੁੱਖ ਦੇ ਅੰਦਰੋਂ ਨਿਰਮਲ ਧੁੰਨ ਉਠੇਗੀ।

**'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।'** ਐਸੀ ਨਿਰਮਲ ਧੁੰਨ ਉਠੇਗੀ।

**"ਪੰਚੇ ਸਬਦ ਵਜੇ ਮਤਿ ਗੁਰਮਤਿ**
**ਵਡਭਾਗੀ ਅਨਹਦੁ ਵਜਿਆ।।**
**ਆਨਦ ਮੂਲੁ ਰਾਮੁ ਸਭੁ ਦੇਖਿਆ**
**ਗੁਰ ਸਬਦੀ ਗੋਵਿਦੁ ਗਜਿਆ।।** (ਪੰਨਾ ੧੩੧੫)

ਜਿਵੇਂ ਜਿਵੇਂ ਨਿਰਮਲ ਧੁੰਨ ਉਠਦੀ ਜਾਵੇਗੀ ਤਾਂ ਫਿਰ ਅੰਦਰ ਹੀ ਸੱਚੇ ਨਾਮ ਦੀ ਵਰਖਾ ਹੋਵੇਗੀ। ਜਿਵੇਂ ਜਿਵੇਂ ਨਿਰਮਲ ਨਾਮ ਦੀ ਅੰਮ੍ਰਿਤ ਵਰਖਾ ਹੁੰਦੀ ਜਾਵੇਗੀ ਤਾਂ ਦਸਮ ਦੁਆਰ ਚੋਂ ਝੜੀਆਂ ਲੱਗ ਜਾਣਗੀਆਂ। *'ਝਿਮ ਝਿਮਾ ਝਿਮ ਝਿਮਾ'* ਝੜੀਆਂ ਲੱਗ ਜਾਣਗੀਆਂ ਐਸੀਆਂ ਝੜੀਆਂ ਲੱਗ ਜਾਣਗੀਆਂ ਕਿ ਹਿਰਦਾ ਭੀ ਨਿਰਮਲ ਹੋ ਜਾਏਗਾ। ਜਿਸਦਾ ਹਿਰਦਾ ਨਿਰਮਲ ਹੋ ਗਿਆ, ਉਸ ਦੇ ਹਿਰਦੇ ਵਿੱਚ ਸੱਚ ਨਿਰਮਲ ਹੈ। ਉਥੇ ਮੈਲ ਨਹੀਂ ਲੱਗਦੀ। ਉਥੇ ਸੱਚ ਦਾ, ਬ੍ਰਹਮ ਦਾ ਪ੍ਰਕਾਸ਼ ਹੋ ਜਾਏਗਾ। ਉਸਦੀ ਵੇਖਣੀ, ਉਸਦਾ ਬੋਲਣਾ, ਉਸਦਾ ਬੈਠਣਾ, ਉਸਦੀ ਚਾਲ, ਉਸਦਾ ਕਰਮ ਸੱਚ ਵਾਲਾ ਹੋ ਜਾਏਗਾ। ਕਿਉਂਕਿ ਹੁਣ ਪ੍ਰਭੂ ਚੇਤੇ ਆ ਗਿਆ। ਉਸਨੂੰ ਸਮਝ ਆ ਜਾਵੇਗੀ ਕਿ ਪ੍ਰਮਾਤਮਾ ਨੂੰ ਵਿਸਾਰਨ ਵਾਲੇ ਉਜੜੇ ਹੋਏ ਖੇਤਾਂ ਵਿੱਚ, ਉਜੜੇ ਹੋਏ ਥਾਵਾਂ ਵਿੱਚ ਰਹਿੰਦੇ ਹਨ। ਸਤਿਗੁਰੂ ਜੀ ਸਮਝਾਂਦੇ ਹੋਏ ਕਹਿੰਦੇ ਹਨ ਜਿਨ੍ਹਾਂ ਨੇ ਪ੍ਰਭੂ ਨੂੰ ਵਿਸਾਰ ਛਡਿਐ ਭਾਵੇਂ ਉਹ ਸਵਰਗ ਲੋਕ ਵਿੱਚ ਵਸਦੇ ਹੋਣ, ਸਾਰੀ ਪ੍ਰਿਥਵੀ ਦੇ ਜੇਤੂ ਕਿਉਂ ਨਾ ਹੋਣ ਤਾਂ ਉਹ ਇਸ ਤਰ੍ਹਾਂ ਰਹਿੰਦੇ ਹਨ ਕਿ ਜਿਵੇਂ ਭਿਅੰਕਰ ਜੰਗਲ ਵਿੱਚ ਉਜੜੇ ਹੋਏ ਥੇਹ ਵਿੱਚ ਰਹਿੰਦੇ ਹਨ।

੦੦੦੦੦

# ਸਭ ਏਕੋ ਏਕੋ ਏਕਨਾ

**ਹਮੂ ਨਾਨਕ ਅਸਤੋ ਹਮੂ ਅੰਗਦ ਅਸਤ**
**ਹਮੂ ਅਮਰਦਾਸ ਅਫ਼ਜ਼ਲੋ ਅਮਜਦ ਅਸਤ।।੨੩।।**
ਨਾਨਕ ਵੀ ਉਹੀ ਹੈ, ਅੰਗਦ ਵੀ ਉਹੀ ਹੈ,
ਬਖਸ਼ਿਸ਼ ਅਤੇ ਵੱਡੀ ਵਡਿਆਈ ਦਾ ਮਾਲਕ ਅਮਰ ਦਾਸ ਵੀ ਉਹੀ ਹੈ।

**ਹਮੂ ਰਾਮਦਾਸੋ ਹਮੂ ਅਰਜੁਨ ਅਸਤ**
**ਹਮੂ ਹਰਗੋਬਿੰਦ ਅਕਰਮੋ ਅਹਿਸਨ ਅਸਤ।।੨੪।।**
ਉਹੀ ਰਾਮ ਦਾਸ ਅਤੇ ਉਹੀ ਅਰਜੁਨ ਹੈ,
ਸਭ ਤੋਂ ਵੱਡਾ ਅਤੇ ਚੰਗੇਰਾ ਹਰਗੋਬਿੰਦ ਵੀ ਉਹੀ ਹੈ।

**ਹਮੂ ਹਸਤ ਹਰਿਰਾਇ ਕਰਤਾ ਗੁਰੂ**
**ਬਦ ਆਸ਼ਕਾਰਾ ਹਮਾ ਪੁਸ਼ਤੋ ਰੂ।।੨੫।।**
ਉਹੀ ਹਰਿਰਾਇ ਕਰਤਾ ਗੁਰੂ ਹੈ, ਜਿਸ ਨੂੰ
ਹਰ ਸ਼ੈ ਦੀ ਸਿੱਧ ਪੁੱਠ ਸਾਫ਼ ਪ੍ਰਗਟ ਹੋ ਜਾਂਦੀ ਹੈ।

**ਹਮੂ ਹਰਿਕਿਸ਼ਨ ਆਮਦਾ ਸਰ-ਬੁਲੰਦ**
**ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ।।੨੬।।**
ਉਹੀ ਸਿਰ-ਕੱਢ ਹਰਿਕਿਸ਼ਨ ਹੈ,
ਜਿਸ ਤੋਂ ਹਰ ਹਾਜਤਮੰਦ ਦੀ ਮੁਰਾਦ ਪੂਰੀ ਹੁੰਦੀ ਹੈ।

**ਹਮੂ ਹਸਤ ਤੇਗਿ ਬਹਾਦਰ ਗੁਰੂ**
**ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ।।੨੭।।**
ਉਹੀ ਗੁਰੂ ਤੇਗ ਬਹਾਦਰ ਹੈ,
ਜਿਸ ਦੇ ਨੂਰ ਤੋਂ ਗੋਬਿੰਦ ਸਿੰਘ ਪ੍ਰਗਟ ਹੋਇਆ ਹੈ।

**ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ**
**ਹਮਾ ਸ਼ਬਦਿ ਊ ਜ਼ੌਹਰੋ ਮਾਨਕ ਅਸਤ।।੨੮।।**
ਉਹੀ ਗੁਰੂ ਗੋਬਿੰਦ ਸਿੰਘ ਹੈ, ਤੇ ਉਹੀ ਨਾਨਕ ਗੁਰੂ ਹੈ,
ਉਸ ਦੇ ਸ਼ਬਦ ਜਵਾਹਰਾਤ ਅਤੇ ਮਾਨਕ ਮੋਤੀ ਹਨ।

("ਜੋਤਿ ਬਿਗਾਸ" ਭਾਈ ਨੰਦ ਲਾਲ (ਸਿੰਘ) ਜੀ)

੦੦੦੦੦

**ਸਾਚੀ ਬਾਣੀ ਸਿਉ ਧਰੇ ਪਿਆਰੁ।।**
**ਤਾ ਕੋ ਪਾਵੈ ਮੋਖ ਦੁਆਰੁ।।** (ਪੰਨਾ ੬੬੧)



www.AKJ.Org

# ਨਾਭ ਕੰਵਲ ਤੇ ਦਸਮ ਦੁਆਰ (੨)

(ਸੂਬੇਦਾਰ ਧਰਮ ਸਿੰਘ ਸੁੱਜੋਂ, ਯੂ. ਕੇ.)

ਲੜੀ ਜੋੜਨ ਲਈ ਦੇਖੋ ਸੂਰਾ, ਨਵੰਬਰ ੯੫........

ਸਾਡੇ ਵਜੂਦ ਦੇ ਤਿੰਨ ਮੁਖ ਅੰਗ ਹਨ। ਪਹਿਲਾ ਅੰਗ, ਜੀਵ-ਆਤਮਾ ਹੈ। ਇਸ ਦਾ ਸਰੂਪ ਸ਼ਕਤੀ ਜਾਂ ਅਨਰਜੀ ਹੈ। ਦੂਸਰਾ ਅੰਗ ਸੂਖਸ਼ਮ ਸਰੀਰ ਹੈ, ਜੋ ਆਤਮਾ ਤੋਂ ਸ਼ਕਤੀ ਪ੍ਰਾਪਤ ਕਰ, ਅਗੋ ਸਥੂਲ ਸਰੀਰ ਨੂੰ ਸਪਲਾਈ ਕਰਦਾ ਹੈ। ਤੀਸਰਾ ਅੰਗ ਸਥੂਲ ਸਰੀਰ ਹੈ। ਜੋ ਪੰਜ ਤੱਤਾਂ ਦਾ ਪੁਤਲਾ ਹੈ। ਇਹ ਸੂਖਸ਼ਮ ਸਰੀਰ ਤੋਂ ਸ਼ਕਤੀ (life force) ਪ੍ਰਾਪਤ ਕਰ, ਕਿਰਿਆ ਸ਼ੀਲ ਹੁੰਦਾ ਹੈ। ਸੂਖਸ਼ਮ ਸਰੀਰ, ਸਥੂਲ ਸਰੀਰ ਵਿੱਚ ਇਸ ਤਰ੍ਹਾਂ ਫਿਟ ਹੈ ਕਿ ਇਹ ਸਥੂਲ ਸਰੀਰ ਦੇ ਹਰ ਇਕ ਛੋਟੇ ਤੋਂ ਛੋਟੇ ਸੈਲਾਂ (cells) ਤਕ ਸੰਪਰਕ ਕਾਇਮ ਰੱਖਦਾ ਹੈ। ਇਸ ਲਈ ਇਸ ਨੂੰ ਸਥੂਲ ਦੀ true copy ਜਾਂ counter part ਵੀ ਆਖਦੇ ਹਨ। ਸੂਖਸ਼ਮ ਗਿਆਨ ਇੰਦਰੀਆਂ, ਮਨ ਬੁੱਧ ਚਿਤ ਤੇ ਅਹੰਕਾਰ ਦਾ ਸੁਮੇਲ, ਅੰਤਹਕਰਣ, ਇੜਾ ਪਿੰਗਲਾ, ਸੁਖਮਣਾ ਨਾੜੀਆਂ, ਕੁੰਡਲਨੀ, ਖਟ ਚੱਕਰ, ਤ੍ਰਿਕੁਟੀ ਅਤੇ ਦਸਮ-ਦੁਆਰ ਆਦਿ, ਇਹ ਸਾਰੇ ਸੂਖਸ਼ਮ ਸਰੀਰ ਦੇ ਹੀ ਅੰਗ ਹਨ, ਜਿੰਨ੍ਹਾਂ ਨੂੰ ਅਸੀਂ ਅਕਸਰ ਗਲਤੀ ਨਾਲ ਸਥੂਲ ਸਰੀਰ ਦੇ ਅੰਗ ਸਮਝ ਬੈਠਦੇ ਹਾਂ।

ਆਤਮਕ-ਸ਼ਕਤੀ (Mind energy) ਦਾ ਬਹਾਓ (flow) ਕੁਦਰਤ ਦੇ ਨਿਯਮ ਅਨੁਸਾਰ, ਨੀਚੇ ਤੋਂ ਉਪਰ ਅਤੇ ਬਾਹਰ ਵੱਲ (upward and outward) ਨੂੰ ਚਲਦਾ ਹੈ। ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਈਰਖਾ, ਚੁਗਲੀ, ਬਖੀਲੀ, ਆਦਿ ਅਸ਼ੁੱਭ (Negative) ਸੋਚ, ਇਸ ਦੇ ਬਹਾਓ ਨੂੰ ਨੀਚੇ ਵਲ (Down ward) ਨੂੰ ਕਰ ਦਿੰਦੀ ਹੈ-ਸੇਵਾ, ਸਿਮਰਨ, ਦਾਨ, ਸਰਬਤ ਦਾ ਭਲਾ ਆਦਿ ਸ਼ੁੱਭ (Positive) ਸੋਚ, ਇਸ ਬਹਾਓ ਨੂੰ ਉਪਰ ਵਲ ਜਾਰੀ ਰੱਖਦੀ ਹੈ। ਸ਼ਕਤੀ ਦੇ ਬਹਾਓ ਨੂੰ ਉਪਰ ਵਲ ਨੂੰ ਜਾਰੀ ਰੱਖਣ ਲਈ Negative ਸੋਚ ਤੋਂ ਜੋ ਮਨ ਨੂੰ ਮਲੀਨ ਕਰਦੀ ਹੈ, ਬਚਣਾ ਪਵੇਗਾ। ਬਹਾਓ ਨੂੰ ਉਪਰ ਵਲ ਨੂੰ ਉਪਰ ਵਲ ਨੂੰ ਜਾਰੀ ਰੱਖਣ ਲਈ ਸ਼ੁਭ ਜਾਂ Positive ਸੋਚ ਨੂੰ ਬੜ੍ਹਾਵਾ ਦੇਣਾ ਪਵੇਗਾ ਜੋ ਕਿ ਮਨ ਨੂੰ ਸ਼ੁੱਧ ਕਰਦੀ ਹੈ। ਅਨੰਦ ਸਾਹਿਬ ਵਿਚ '**ਜੀਅਹੁ ਨਿਰਮਲ ਬਾਹਰਹੁ ਨਿਰਮਲ**' ਦਾ ਹੁਕਮ ਹੈ। ਬਹੁਤ ਪੁਰਾਣਿਆਂ ਸਮਿਆਂ ਤੋਂ ਵੇਦਾਂਤ ਨੇ ਵਿਵੇਕ, ਵੈਰਾਗ ਆਦਿ ਖੋਟੇ ਕਰਮਾਂ ਦੇ ਜ਼ਰੀਏ ਅਤੇ ਯੋਗ ਨੇ ਯਮ, ਨਿਯਮ ਆਦਿ ਸ਼ੁੱਭ ਕਰਮਾਂ ਦੀ ਮਦਦ ਨਾਲ ਆਪਣੇ ਵਿਚਾਰਾਂ ਨੂੰ ਸ਼ੁਧ ਕਰਨ ਤੇ ਜ਼ੋਰ ਦਿਤਾ ਹੈ।

ਸ਼ਕਤੀ ਦੇ ਬਹਾਓ ਨੂੰ ਉਪਰ ਵਲ ਜਾਰੀ ਰਖਣ ਲਈ, ਸ਼ੁੱਭ ਜਾਂ positive ਸੋਚ ਤੋਂ ਇਲਾਵਾ, ਸਿਆਣਿਆਂ ਨੇ ਕੁਝ ਹੋਰ ਭੀ ਢੰਗ ਤਰੀਕੇ ਅਪਣਾਏ ਹਨ। ਇਨ੍ਹਾਂ ਵਿਚੋਂ ਇਕ ਢੰਗ ਤਰੀਕੇ ਦਾ ਨਾਮ ਹੈ 'ਮੂਲ-ਬੰਧ।' ਮੂਲ-ਬੰਧ ਦਾ ਜ਼ਿਕਰ ਗੁਰਬਾਣੀ ਵਿਚ ਵੀ ਮਿਲਦਾ ਹੈ ਜਿਵੇਂ "ਮੂਲ-ਦੁਆਰੈ" ਬੰਧਿਆ ਬੰਧੁ ਰਵਿ ਊਪਰਿ ਗਹਿ ਰਾਖਿਆ ਚੰਦੁ।। (੧੧੫੯) ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਭੀ, ਆਪਣੀਆਂ ਪੁਸਤਕਾਂ ਵਿਚ ਇਸ ਦਾ ਜ਼ਿਕਰ ਤਾਂ ਕੀਤਾ ਹੈ ਪਰ ਵੇਰਵਾ ਨਹੀ ਦਿੱਤਾ। ਚੂੰਕਿ ਸੁਆਸ ਗਿਰਾਸ ਨਾਮ ਅਭਿਆਸ ਜੁਗਤੀ ਦੁਆਰਾ, ਬਗੈਰ ਕਿਸੀ ਖਾਸ ਯਤਨ ਦੇ, ਇਕ ਬਾਰ 'ਵਾਹਿਗੁਰੂ' ਆਖਿਆਂ, ਇਕ ਮੂਲ-ਬੰਧ ਆਪਣੇ ਆਪ ਹੋ ਜਾਂਦਾ ਹੈ। ਸ਼ਾਇਦ ਇਸ ਕਰਕੇ ਇਸ ਦਾ ਵਖਰੇ ਤੌਰ ਤੇ ਜ਼ਿਕਰ ਕਰਨਾ ਕੋਈ ਜ਼ਰੂਰੀ ਨਾਂ ਸਮਝਿਆ ਹੋਵੇ।

<u>'ਵਾਹਿਗੁਰੂ ' ਆਖਿਆਂ ਮੂਲ-ਬੰਧ ਕਿਵੇਂ ਹੁੰਦਾ ਹੈ ?</u>

ਜਾਪਾਨੀਆਂ ਦੀ ਖੋਜ ਅਨਸਾਰ, ਸਾਹ ਦਾ ਜੋ ਮੁਢਲਾ ਸੋਮਾ ਹੈ ਉਸ ਨੂੰ ਜਾਪਾਨੀ ਜ਼ਬਾਨ ਵਿਚ 'ਤਾਂ ਦੇਨ' ਆਖਦੇ ਹਨ। ਸਾਡੀ ਭਾਸ਼ਾ ਵਿਚ ਇਸ ਲਈ ਕੋਈ ਸ਼ਬਦ ਨਹੀਂ ਹੈ। ਜਦੋਂ ਸਾਹ ਠੀਕ ਤੌਰ ਤੇ ਚਲਦਾ ਹੋਵੇ ਤਾਂ ਨਾਭੀ ਤੋਂ ਕੋਈ ਦੋ ਇੰਚ ਹੇਠਾਂ 'ਤਾਂ ਦੇਨ' ਨਾਲ ਸੰਬੰਧ ਹੁੰਦਾ ਹੈ। ਅਸੀਂ ਜਿਤਨਾਂ ਉਪਰ ਤੋਂ ਸਾਹ ਲਵਾਂਗੇ ਉਤਨਾਂ ਹੀ ਅਸੀਂ ਤਨਾਓ ਨਾਲ ਭਰੇ ਹੋਵਾਂਗੇ। ਜਿਤਨਾਂ ਸਾਹ ਹੇਠਾਂ ਤੋਂ ਲਵਾਂਗੇ, ਉਤਨਾ ਹੀ ਅਸੀਂ ਅਪਣੇ ਆਪ ਨੂੰ ਹਲਕਾ ਫੁਲ ਮਹਿਸੂਸ ਕਰਾਂਗੇ। ਜੇ ਅਸੀਂ ਹੋਰ ਥੱਲੇ ਉਤਰ, ਸਾਹ ਦੋਨਾਂ ਤੋਂ ਲਵਾਂਗੇ ਤਾਂ ਤਨਾਓ ਬਿਲਕੁੱਲ ਨਹੀਂ ਹੋਵੇਗਾ। ਭਾਈ ਸਾਹਿਬ ਰਣਧੀਰ ਸਿੰਘ ਜੀ ਭੀ ਪੁਸਤਕ 'ਅਨਹਦ-ਸ਼ਬਦ-ਦਸਮ-ਦੁਆਰ' ਵਿੱਚ ਲਿਖਦੇ ਹਨ ਕਿ "ਅਰਧ ਉਰਧੀ ਅਭਿਆਸ ਪਵਨ ਝਰਨਾਟਾ ਰਸ ਜੋਤਿ ਮਧਾਣਾ ਹੋ ਕੇ ਗਲੂ ਮੇਰੀ ਛਾਤੀ ਤੋਂ ਲਾ ਕੇ ਨਾਭੀ ਤੋਂ ਹੇਠਾਂ ਭੀ ਉਤਰ ਜਾਂਦਾ ਹੈ।"

ਮੂਲ-ਬੰਧ ਕਿਰਿਆ ਵਿਚ, ਅੰਦਰ ਗਏ ਹੋਏ ਸਾਸ ਨੂੰ ਜ਼ਰਾ ਕੁਝ ਜ਼ੋਰ ਨਾਲ ਬਾਹਰ ਸੁਟਿਆ ਜਾਂਦਾ ਹੈ। ਸਾਹ ਜ਼ੋਰ ਨਾਲ ਬਾਹਰ ਸੁਟਣ ਵੇਲੇ, ਪੇਟ ਉਪਰ ਹੇਠਾਂ ਹੁੰਦਾ ਹੈ। ਜਦੋ ਅਸੀ ਸੁਆਸ ਗਿਰਾਸ ਅਭਿਆਸ ਜੁਗਤੀ ਦੁਆਰਾ, ਵਾਹਿਗੁਰੂ ਸ਼ਬਦ ਦਾ ਜਾਪ ਕਰਦੇ ਹਾਂ ਤਾਂ 'ਵਾ' ਦੇ ਉਚਾਰਨ ਨਾਲ ਲੋੜੀਂਦੇ ਸੁਆਸ ਅੰਦਰ ਖਿੱਚੇ ਜਾਂਦੇ ਹਨ। 'ਹਿ' ਦੇ ਉਚਾਰਨ ਨਾਲ, ਜਿਵੇਂ ਭਾਈ ਸਾਹਿਬ ਨੇ ਉਪਰ ਲਿਖਿਆ ਹੈ ਸੁਆਸ, ਨਾਭੀ ਤੋਂ ਭੀ ਬਹੁਤ ਥੱਲੇ



www.AKJ.Org

ਉਤਰ, ਰੀੜ੍ਹ ਦੀ ਹੱਡੀ ਦੇ ਨਿਚਲੇ ਹਿੱਸੇ ਤੇ, ਮੂਲਾ-ਧਾਰ ਚੱਕਰ ਵਿੱਚ, ਕੁੰਡਲਨੀ ਦੇ ਅਸਥਾਨ ਤੇ ਜਾ ਠੋਕਰ ਮਾਰਦੇ ਹਨ। 'ਗੁ' ਦੇ ਉਚਾਰਨ ਨਾਲ, ਸੁਆਸ ਬਾਹਰ ਵੱਲ ਨੂੰ ਮੁੜਦੇ ਹਨ। 'ਰੂ' ਦੇ ਉਚਾਰਨ ਤੇ ਸੁਆਸ ਕੁਝ ਜ਼ੋਰ ਨਾਲ ਬਾਹਰ ਨਿਕਲ ਜਾਂਦੇ ਹਨ। ਪੇਟ, ਨਾਭੀ ਸਮੇਤ, ਪਿਛੇ ਤੇ ਉੱਪਰ ਵੱਲ ਨੂੰ ਸੁੰਗੜਦਾ ਹੈ। ਪੇਟ ਤੇ ਨਾਭੀ ਦੇ ਉੱਪਰ ਵੱਲ ਨੂੰ ਸੁੰਗੜਨ ਨਾਲ, ਗੁਦਾ ਦਾ ਰਸਤਾ, ਕੁਝ ਉੱਪਰ ਵੱਲ ਨੂੰ ਖਿੱਚਿਆ ਜਾ ਕੇ, ਬੰਦ ਹੋ ਜਾਂਦਾ ਹੈ। ਇਸ ਕਿਰਿਆ ਨੂੰ ਯੋਗ ਦੀ ਬੋਲੀ ਵਿੱਚ ਮੂਲ-ਬੰਧ ਆਖਦੇ ਹਨ। ਇਸ ਤਰ੍ਹਾਂ 'ਵਾਹਿਗੁਰੂ' ਸ਼ਬਦ ਦੇ, ਇਕ ਬਾਰ ਉਚਾਰਨ ਨਾਲ, ਬਗੈਰ ਕਿਸੇ ਹੋਰ ਯਤਨ ਦੇ, ਮੂਲ-ਬੰਧ ਦੀ ਇਕ ਕਿਰਿਆ ਆਪਣੇ ਆਪ ਪੂਰੀ ਹੋ ਜਾਂਦੀ ਹੈ।

ਨੋਟ :- ਵਾਹਿਗੁਰੂ ਸ਼ਬਦ ਦੇ ਉਚਾਰਨ ਸਮੇਂ 'ਵ' ਦੀ ਥਾਂ 'ਬ' ਉਚਾਰਨ ਨਾਲ, ਸੁਆਸ ਨਾਭੀ ਤੋਂ ਉੱਪਰ ਹੀ ਰਹਿ ਜਾਂਦੇ ਹਨ। ਨਾਭੀ ਤੋਂ ਥੱਲੇ ਨਹੀਂ ਪਹੁੰਚ ਪਾਉਂਦੇ। 'ਹਿ' ਦੇ ਥਾਂ 'ਹੇ' ਦੇ ਉਚਾਰਨ ਨਾਲ, ਮੂਲਾ-ਧਾਰ ਚੱਕਰ ਵਿੱਚ ਪੂਰੀ ਠੋਕਰ ਨਹੀਂ ਲੱਗਦੀ। 'ਰੂ' ਦੀ ਥਾਂ 'ਰੋ' ਦੇ ਉਚਾਰਨ ਨਾਲ, ਸੁਆਸ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਪਾਉਂਦੇ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ 'ਵਾਹਿਗੁਰੂ' ਦਾ ਉਚਾਰਣ ਦਰੁਸਤ ਕੀਤਾ ਜਾਵੇ।

ਮੂਲ-ਬੰਧ ਕਿਰਿਆ ਪੂਰੀ ਹੋਣ ਤੇ ਹੁੰਦਾ ਕਿਆ ਹੈ ? ਜਦੋਂ 'ਰੂ' ਦੀ ਆਵਾਜ਼, ਜ਼ਬਾਨ ਨਾਲ ਰਸ ਰੜਕ ਕੇ ਬਾਹਰ ਨਿਕਲਦੀ ਹੈ ਤਾਂ ਪੇਟ ਤੇ ਨਾਭੀ, ਉਪਰ ਨੂੰ ਸੁੰਗੜਦੇ ਹਨ। ਪੇਟ ਹਵਾ ਤੋਂ ਖਾਲੀ ਹੈ, 'ਸ਼ੁਨਿਆ' ਜਾਂ VACUUM ਪੈਦਾ ਹੋ ਜਾਂਦਾ ਹੈ। VACUUM ਕਾਰਨ, ਮੂਲਾ-ਧਾਰ ਤੋਂ ਸ਼ਕਤੀ, ਨਾਭੀ ਵੱਲ ਨੂੰ ਖਿਚੀ ਜਾ ਕੇ, ਉਪਰ ਵੱਲ ਨੂੰ ਧੱਕੀ ਜਾਂਦੀ ਹੈ। ਇਸ ਤਰ੍ਹਾਂ ਜਿਤਨੀ ਦੇਰ ਭੀ 'ਵਾਹਿਗੁਰੂ' ਸ਼ਬਦ ਦਾ, ਸੁਆਸ ਗਿਰਾਸੀ ਅਭਿਆਸ ਕਰਦੇ ਹਾਂ, ਉਤਨੀ ਦੇਰ ਤੱਕ, ਸ਼ਕਤੀ ਦਾ ਬਹਾਓ ਉਪਰ ਵੱਲ ਨੂੰ ਜਾਰੀ ਰਹਿੰਦਾ ਹੈ। ਸ਼ਾਇਦ ਇਸੀ ਲੋੜ ਨੂੰ ਪੂਰਾ ਕਰਨ ਹਿਤ, ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੀਆਂ ਪੁਸਤਕਾਂ ਵਿੱਚ ਕਈ ਥਾਂ 'ਰੂ' ਦੇ ਰਸ ਰਸ ਰੜਕ ਕੇ, ਜ਼ਬਾਨ ਨਾਲ ਸਪਰਸ਼ ਹੋ ਕੇ ਬਾਹਰ ਨਿਕਲਣ ਤੇ ਜ਼ੋਰ ਦਿੱਤਾ ਹੈ, ਜਿਵੇਂ ਕਿ ਪੁਸਤਕ, 'ਗੁਰਮਤਿ ਲੇਖ' ਵਿਚ ਲਿਖਦੇ ਹਨ ਕਿ 'ਸੁਰਤਿ ਸੁਆਸੀ ਅਭਿਆਸ ਕਰਦਿਆਂ, ਰਸਨਾਂ ਦੁਆਰਾ 'ਰੂ' ਪ੍ਰਗਾਸੀ ਜਾਪੁ ਜੁਗਤੀ ਦੀ ਅਤਸੈ ਕਰਕੇ ਲੋੜ ਰਹਿੰਦੀ ਹੈ।'

ਮੌਜੂਦਾ ਜ਼ਮਾਨੇ ਵਿਚ ਹੋ ਗੁਜ਼ਰੇ ਪ੍ਰਸਿੱਧ ਫਿਲਾਸਫਰ ਯੋਗੀ, ਸਵਾਮੀ ਰਜਨੀਸ਼ ਜੀ ਆਪਣੇ ਅਨੁਆਈਆਂ ਨੂੰ ਘਟੋ ਘਟ 300 'ਮੂਲ-ਬੰਧ', ਹਰ ਰੋਜ਼ ਕਰਨ ਦੀ ਹਦਾਇਤ ਕਰਦੇ ਹਨ। ਇਕ ਗੁਰ-ਸਿਖ ਨਾਮ-ਅਭਿਆਸ ਸਮੇਂ 300 ਮੂਲ-ਬੰਧ ਕਿਰਿਆਵਾਂ ਦਾ ਟੀਚਾ 17/18 ਮਿੰਟ ਵਿੱਚ ਪੂਰਾ ਕਰ ਲੈਂਦਾ ਹੈ। ਦਿਨੇ-ਰਾਤ ਨਾਮ ਅਭਿਆਸ ਕੀਤਿਆਂ, ਤਾਂ ਪਤਾ ਨਹੀਂ ਕਿ ਕਿਤਨੇ ਕੁ ਹਜ਼ਾਰ ਮੂਲ-ਬੰਧ, ਹਰ ਰੋਜ਼ ਹੋ ਜਾਂਦੇ ਹੋਣਗੇ। ਸੁਆਮੀ ਜੀ ਦੇ ਕਥਨ ਅਨੁਸਾਰ, ਉਹ ਇਸ ਮਕਸਦ ਲਈ 'ਹੂ' ਮਹਾਂਮੰਤ੍ਰ ਦੇ ਜਾਪ ਦੀ ਹਦਾਇਤ ਕਰਦੇ ਹਨ। 'ਹੂ' ਤੇ 'ਅੱਲਾ-ਹੂ' ਦੇ ਜਾਪ ਨੂੰ ਅਮਲੀ ਤੌਰ ਤੇ ਪਰਖ ਕੇ ਦੇਖਿਆ ਗਿਆ ਹੈ। ਕਿ ਇਹ ਦੋਨੋਂ ਜਾਪ, ਉਹ ਹਾਲਤ ਪੈਦਾ ਨਹੀਂ ਕਰਦੇ ਜੋ ਵਾਹਿਗੁਰੂ ਦੇ ਜਾਪ ਤੋਂ ਪੈਦਾ ਹੁੰਦੀ ਹੈ। ਇਕ ਬਾਰ 'ਵਾਹਿਗੁਰੂ' ਉਚਾਰਨ ਨਾਲ, ਮੂਲਾ-ਧਾਰ, ਨਾਭੀ ਅਤੇ ਦਸਮ ਦੁਆਰ ਵਿਖੇ, ਇਕੋ ਹੀ ਸਮੇਂ, ਇਕ ਖਾਸ ਹਰਕਤ ਹੁੰਦੀ ਹੈ। ਗੁਰਮਤਿ ਨਾਮ ਅਭਿਆਸੀ ਸਿੰਘ ਇਸ ਹਕੀਕਤ ਤੋਂ ਜਾਣੂ ਹਨ।

ਉਪਰ ਦਿੱਤੀ ਵਿਚਾਰ ਦਾ ਸਾਰ ਅੰਸ਼ ਇਹ ਹੈ ਕਿ ਆਤਮਾ ਦੀ ਲਖਤਾ ਤੱਕ ਤਾਂ ਮਨ ਨਾਲ ਜ਼ਬਰਦਸਤ ਘੋਲ ਘੁਲਣਾ ਪਿਆ। ਆਤਮ-ਲਖਤਾ ਉਪਰੰਤ, ਉਹ ਹੀ ਅੜੀਅਲ ਮਨ, ਆਗਿਆਕਾਰੀ ਪੁੱਤਰ ਵਾਂਗੂੰ, ਸਾਡੇ ਅਗੇ ਲਗ ਤੁਰਿਆ ਹੈ ਜਿਵੇਂ ਅਸੀਂ ਚਲਾਉਂਦੇ ਹਾਂ, ਇਹ ਚਲਦਾ ਹੈ। ਸੰਖੇਪ ਵਿਚ ਮਨ ਨਾਲ ਘੋਲ ਖਤਮ ਹੋ ਗਿਆ ਹੈ। ਅਗੋਂ ਦਸਮ-ਦੁਆਰ ਦਾ ਸਫ਼ਰ ਸ਼ੁਰੂ ਹੁੰਦਾ ਹੈ। ਜਿਥੇ ਪਹਿਲਾਂ ਆਤਮ-ਲਖਤਾ ਤੱਕ, ਸਾਨੂੰ ਜਬਰਦਸਤ ਘੋਲ ਘੁਲਣਾ ਪਿਆ ਸੀ, ਹੁਣ ਅਗਲੇ ਦਸਮ ਦੁਆਰ ਦੇ ਸਫ਼ਰ ਲਈ, ਉਤਨੇ ਘੋਲ ਦੀ ਲੋੜ ਨਹੀਂ ਰਹਿੰਦੀ। ਕਾਰਨ ਇਹ ਹੈ ਕਿ ਹੁਣ ਅਗਲੇ ਸਫ਼ਰ ਲਈ ਪ੍ਰਭੂ ਦੀ ਕ੍ਰਿਪਾ ਦੀ ਲੋੜ ਹੈ। **ਸਾਡੀ ਹਿੰਮਤ ਤੇ ਹੰਭਲਾ ਸਿਰਫ਼ ਪ੍ਰਭੂ ਦੀ ਕ੍ਰਿਪਾ ਦੇ ਪਾਤਰ ਬਨਣ ਤਕ ਹੀ ਹੈ। ਪ੍ਰਭੂ ਦੀ ਕ੍ਰਿਪਾ ਦੇ ਪਾਤਰ ਬਨਣ ਲਈ, ਗੁਰਬਾਣੀ ਤੇ ਨਾਮ ਦੀ ਅਤੁੱਟ ਕਮਾਈ ਦੀ ਲੋੜ ਹੈ—ਕਮਾਈ ਦੁਆਰਾ ਕ੍ਰਿਪਾ ਹੋਵੇਗੀ। ਕਿਰਪਾ ਹੋਵੇਗੀ ਤਾਂ ਹੀ ਕਮਾਈ ਹੋਵੇਗੀ। ਕਮਾਈ ਤੇ ਕ੍ਰਿਪਾ ਦੋਨੋ ਲਾਜ਼ਮ ਤੇ ਮਜ਼ਲੂਮ (ਓਤਪੋਤ) ਹਨ।**

ਇਸ ਅਗਲੇ ਸਫ਼ਰ ਵਿੱਚ ਦੋ ਚੀਜ਼ਾਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਉਹ ਇਹ ਕਿ ਇਕ ਤਾਂ ਸ਼ਕਤੀ ਦਾ ਨੀਚੇ ਤੋਂ ਉਪਰ ਵੱਲ ਨੂੰ ਕੁਦਰਤੀ ਵਹਾਓ ਜਾਂ Flow ਕਾਇਮ ਰੱਖਿਆ ਜਾਏ। ਇਸ ਲਈ Negative ਸੋਚ ਤੋਂ ਬਚਣਾ ਤੇ Positive ਸੋਚ ਨੂੰ ਬੁਲਾਵਾ ਦੇਣਾ ਪਵੇਗਾ। ਦੂਸਰੇ ਸ਼ਕਤੀ ਦੇ ਵਹਾਓ ਦੀ ਰਫ਼ਤਾਰ ਤੇਜ਼ ਕਰਨ ਲਈ, ਗੁਰਮਤਿ ਨਾਮ ਅਭਿਆਸ ਦੀ ਵਿਧੀ ਅਪਣਾ, ਨਾਮ ਅਭਿਆਸ ਦੀ ਅਤੁੱਟ ਕਮਾਈ ਕੀਤੀ



www.AKJ.Org

ਜਾਏ। ਗੁਰਮਤਿ ਨਾਮ ਅਭਿਆਸ ਵਿਧੀ ਤੋਂ ਬਗੈਰ, ਹੋਰ ਕਿਸੀ ਭੀ ਜੁਗਤੀ ਨਾਲ ਦਸਮ-ਦੁਆਰ ਨਹੀਂ ਖੁੱਲ੍ਹਦਾ। "**ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ**" (ਪੰਨਾ ੬੫੪)/ ਦਸਮ ਦੁਆਰ ਦੇ ਬਜਰ ਕਪਾਟ ਖੁੱਲ੍ਹਣ ਤੇ "**ਗੁਰ ਸਬਦੀ ਗੋਵਿੰਦੁ ਗਜਿਆ**" (ਪੰਨਾ ੧੩੧੫) ਅਰਥਾਤ, ਅਕਾਲ ਪੁਰਖ ਆ ਜ਼ਹੂਰ ਪਜ਼ੀਰ (ਪਰਤੱਖ) ਹੁੰਦਾ ਹੈ, ਜਿਸ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ "**ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ।।**" (ਪੰਨਾ ੩੭੫)

ਦਸਮ ਦੁਆਰ ਦੀ ਖੇਡ ਦਾ ਦਰੁਸਤ ਬਿਆਨ ਤਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਸਾਰਖੇ ਗੁਰਮੁਖਿ ਪਿਆਰੇ ਹੀ ਕਰ ਸਕਣ ਤਾਂ ਕਰ ਸਕਣ, ਜਿਨ੍ਹਾਂ ਇਸ ਅਵਸਥਾ ਦਾ ਰੰਗ ਖੁਦ ਮਾਣਿਆ ਹੈ। ਨਹੀਂ ਤਾਂ ਸੁਣਿਆ ਸੁਣਾਇਆ ਬਿਆਨ ਕਰਨ ਨਾਲ, ਇਹ ਅਲੌਕਿਕ ਅਵਸਥਾ ਦੀ ਉਹ ਤਸਵੀਰ ਪੇਸ਼ ਨਹੀਂ ਕੀਤੀ ਜਾ ਸਕਦੀ ਜੋ ਖ਼ੁਦ ਅਨੁਭਵ ਕਰਨ ਤੇ ਪੇਸ਼ ਕੀਤੀ ਜਾ ਸਕਦੀ ਹੈ। ਇਸ ਲਈ ਅਗੇ ਦਸਮ-ਦੁਆਰ ਦੀ ਖੇਡ ਦਾ ਜ਼ਿਕਰ, ਭਾਈ ਸਾਹਿਬ ਦੇ ਆਪਣੇ ਸ਼ਬਦਾਂ ਵਿੱਚ, ਜੋ ਉਨ੍ਹਾਂ ਨੇ ਪੁਸਤਕ 'ਅਨਹਦ-ਸ਼ਬਦ-ਦਸਮ-ਦੁਆਰ' ਵਿੱਚ ਪ੍ਰਗਟ ਕੀਤੇ ਹਨ, ਕੀਤਾ ਜਾਵੇਗਾ।

"ਨਾਮ ਅਭਿਆਸ ਕਮਾਈ ਦੁਆਰਾ ਜਦੋਂ ਊਰਧ (ਪੁੱਠਾ) ਕਮਲ, ਰਸ-ਜੋਤਿ-ਪ੍ਰਕਾਸ਼ ਪਾਰਸ ਕਲਾ ਦੁਆਰਾ ਖਿੜ ਕੇ ਸਿਧਾ ਹੋ ਗਿਆ ਤਾਂ ਇਹ ਮੂਲ-ਦੁਆਰੇ, ਅਰਥਾਤ ਦਸਮ-ਦੁਆਰੇ ਪੁਜਣ ਦਾ ਪੁਲ ਬੱਝ ਗਿਆ। ਰਸ ਜੋਤਿ ਅਨੰਦੀ ਨਾਭ ਕੰਵਲ ਵਿੱਚ ਆਤਮਾ ਨੂੰ ਅਸਥਿਰ ਕਰ, ਜਦੋਂ ਪ੍ਰਾਣਾ-ਜਾਪ ਦਾ ਰਸ-ਜੋਤਿ ਝਲਕਾਰਨੀ ਬਲੋਵਣਾ ਬਲੋਇਆ ਤਾਂ 'ਰਵਤੇਜ਼' (ਸੂਰਜ ਦੇ ਤੇਜ ਸਾਰਖਾ ਚਾਨਣਾ) ਉਦੇ ਹੋ ਗਿਆ। ਏਸ ਚਾਨਣੇ ਅੰਦਰ ਤਪਸ਼ ਉਕੀ ਹੀ ਨਹੀ,' ਤੇਜ਼ ਤਾਂ ਉਸ ਦਾ ਸੂਰਜ ਸਾਰਖਾ ਦਗਦਾ ਹੈ ਪਰ ਉਸ ਚਾਨਣੇ ਦੀ ਸੀਤਲਤਾ ਚੰਦਰਮਾ ਸਾਰਖੀ ਹੈ।

**ਦਸਮ ਦੁਆਰ ਦਾ ਖੁੱਲ੍ਹਣਾ :-**

ਪਰਕਾਸ਼ਤ ਹੋਈ ਜੋਤਿ ਦਾ ਤੇਜ਼, ਪਹਿਲਾਂ ਦਸਮ-ਦੁਆਰ ਦੇ ਪੱਛਮ ਪਾਸੇ ਮਹਾਂ ਪ੍ਰਬਲ ਹੋ ਕੇ ਚਮਕਦਾ ਹੈ ਅਤੇ ਇਕ ਦਮ ਮੇਰ ਦੰਡ (ਰੀੜ੍ਹ ਦੀ ਹੱਡੀ) ਦੇ ਸਿਰੇ ਤੇ ਇਸ ਦਾ ਜ਼ਹੂਰ ਆ ਹੁੰਦਾ ਹੈ। ਬਿਜਲੀ ਦੀ ਬਿਜਲਤਾ ਵਾਂਗ ਜੋਤਿ-ਦਾਮਣ ਸਾਰੀ ਰੀੜ੍ਹ ਨਾੜ (ਡੰਡ-ਮੇਰ-ਦਸਮ-ਦੁਆਰ ਨੂੰ ਪਹੁੰਚਣ ਵਾਲੀ ਸੁਮੇਰ (ਪਗ-ਡੰਡੀ) ਰੂਪੀ ਰੀੜ੍ਹ ਹੱਡੀ) ਅੰਦਰ ਹੀ ਚਮਕਾ ਮਾਰਨ ਲੱਗ ਜਾਂਦੀ ਹੈ। ਪਰ ਇਸ ਦਾ ਸਮੁੱਚਾ ਗੋਲਾਕਾਰ ਬਿਜਲ ਬਲਬ ਚਾਨਣਾਂ ਉਪਰਲੇ ਸਿਰੇ ਤੇ ਹੀ ਤੇਜ਼ ਨੂਰੀ ਫਾਨੂਸ ਬਣਿਆ, ਦਸਮ-ਦੁਆਰ ਦਾ ਖੋਜ ਨੈਸਾਣ ਦਰਸਾਉਣ-ਹਾਰਾ ਮੁਨਾਰਾ ਦੀਪਤ ਹੋਇ ਰਹਿੰਦਾ ਹੈ। ਏਥੇ ਇਕ ਅਕਹ ਰਸ ਹੁੰਦਾ ਹੈ। ਰਵ-ਚੰਦ ਮਿਸਰਤੀ (ਮਿਲਵਾਂ) ਰਸ-ਜੋਤਿ ਕੁੰਡਲ ਦਸਮ-ਦੁਆਰ ਦੇ ਗਿਰਦਾ ਗਿਰਦ ਭੁਆਟਣੀਆਂ ਖਾ ਖਾ ਸਾਰੀ ਸੀਸ ਪੁਲਾੜੀ ਅੰਕਾਵਲੀ (ਸਿਰ ਦੇ ਸਾਰੇ ਪੁਲਾੜ ਵਾਲੇ ਅੰਗਾਂ) ਨੂੰ ਅੰਦਰੋਂ ਬਾਹਰੋਂ ਬਿਸਮ-ਦਾਮਨੀ ਚਮਤਕਾਰ ਵਿੱਚ ਚਮਕਾਇ, ਚਮਕਾਇ, ਪੂਰਬ, ਪੱਛਮ, ਉੱਤਰ, ਦੱਖਣ ਸਾਰੀਆਂ ਕੁੰਟਾਂ (ਭਾਵ ਸਾਰਿਆਂ ਪਾਸਿਆਂ) ਨੂੰ ਉਜਲਾਏ ਰੁਸ਼ਨਾਏ ਕੇ ਓੜਕ ਪੱਛਮ ਪਾਸਿਓਂ ਝਰੋਖਾ ਖੋਹਲ ਕੇ, ਦਸਮ-ਦੁਆਰ ਵਿੱਚ ਜਾ ਪ੍ਰਵੇਸ਼ ਕਰਦਾ ਹੈ। ਮਾਨੋ ਦਸਮ ਦੁਆਰ ਦੀ ਖਿੜਕੀ ਖੁੱਲ ਜਾਂਦੀ ਹੈ। ਏਸ ਖਿੜਕੀ ਦੇ ਖੁੱਲਣ ਨੂੰ ਜਾਣਿਆ ਹੀ ਜਾ ਸਕਦਾ ਹੈ ਪਰ ਇਸ ਦਾ ਬਿਆਨ ਨਹੀਂ ਹੋ ਸਕਦਾ। ਖਿੜਕੀ ਖੁੱਲ੍ਹਣ ਦੀ ਹੀ ਦੇਰ ਹੁੰਦੀ ਹੈ ਕਿ ਦਸਮ-ਦੁਆਰ ਪ੍ਰਗਟ ਪਹਾਰੇ ਆ ਆਸ਼ਕਾਰ ਹੁੰਦਾ ਹੈ। ਭਾਵ ਇਹ ਕਿ ਦਸਮ ਦੁਆਰ ਖੁੱਲ੍ਹ ਜਾਂਦਾ ਹੈ। ਏਥੇ ਦੇ ਜੋਤਿ ਜਗੰਤਰੀ ਬਿਸਮ ਰਸ ਅੰਦਰ ਆਤਮਾ ਲੀਨ ਹੁੰਦਾ ਹੋਇਆ, ਏਸ ਬਿਸਮ-ਖੰਡ ਨੂੰ ਪੇਖਣਹਾਰਾ ਤੇ ਏਸ ਬਿਸਮ ਅਨੰਦ ਨੂੰ ਮਾਨਣ ਹਾਰਾ ਅਭਿਨ ਹੁੰਦਾ ਹੋਇਆ ਭੀ ਭਿੰਨ ਰਹਿੰਦਾ ਹੈ। ਦਸਮ-ਦੁਆਰ ਅੰਦਰ ਕੋਟਾਨ-ਕੋਟ ਸੂਰਜਾਂ ਦਾ ਚਾਨਣਾ ਅਤੇ ਕੋਟਾਨ-ਕੋਟ ਚੰਦਰਮਿਆਂ ਦਾ ਠਰੰਮਾ ਰਸ ਸੀਤ ਬੱਨਾ ਮਾਤ ਹੈ। ਜਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਤੇ ਨਾ ਇਸਦਾ ਅੰਤ ਆਉਂਦਾ ਹੈ। ਜੈਸਾ ਕਿ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ।

**ਸਿਵ ਕੀ ਪੁਰੀ ਬਸੈ ਬੁਧਿ ਸਾਰੁ।।**
**ਤਹ ਤੁਮ ਮਿਲਿ ਕੈ ਕਰਹੁ ਬਿਚਾਰੁ।।**
**ਈਤ ਊਤ ਕੀ ਸੋਝੀ ਪਰੈ।।**
**ਕਉਨੁ ਕਰਮ ਮੇਰਾ ਕਰਿ ਕਰਿ ਮਰੈ।।**
**ਨਿਜ ਪਦ ਊਪਰ ਲਾਗੋ ਧਿਆਨੁ।।**
**ਰਾਜਾ ਰਾਮ (ਨਾਮੁ) ਮੋਰਾ ਬ੍ਰਹਮ ਗਿਆਨੁ।।**
**ਮੂਲ ਦੁਆਰੈ ਬੰਧਿਆ ਬੰਧੁ।।**
**ਰਵਿ ਊਪਰਿ ਗਹਿ ਰਾਖਿਆ ਚੰਦੁ।।**
**ਪਸਚਮ ਦੁਆਰੈ ਸੂਰਜੁ ਤਪੈ।।**
**ਮੇਰ ਡੰਡ ਸਿਰ ਊਪਰਿ ਬਸੈ।।**
**ਪਸਚਮ ਦੁਆਰੇ ਕੀ ਸਿਲ ਓੜ।।**



www.AKJ.Org

**ਤਿਹ ਸਿਲ ਊਪਰਿ ਖਿੜਕੀ ਅਉਰ।।**
**ਖਿੜਕੀ ਊਪਰਿ ਦਸਵਾ ਦੁਆਰੁ।।**
**ਕਹਿ ਕਬੀਰ ਤਾ ਕਾ ਅੰਤੁ ਨ ਪਾਰੁ।।**

(ਪੰਨਾ ੧੧੫੯)

ਗੁਰਮਤਿ ਸਹਿਜ ਜੋਗ ਦੇ ਮਾਰਗ ਵਿਚ ਨਾ ਕੋਈ ਤਪਸ਼ ਹੈ ਨਾ ਤਕਲੀਫ਼, ਨਾ ਕੋਈ ਵਿੰਗ ਹੈ ਨਾ ਕੋਈ ਅੜਿੰਗ, ਨਾਂ ਕੋਈ ਅਟਕ ਨਾ ਕੋਈ ਅੜਿੰਗ। ਗੁਰਮਤਿ ਸਹਿਜ ਜੋਗ ਦਰਸਾਏ ਦਸਮ-ਦੁਆਰ ਅੰਦਰ ਹੀ ਜੋਤਿ ਚਮਤਕਾਰ ਅਨਹਦ ਗੁੰਜਾਰੀ ਖੇਡ ਹੈ। ਹੋਰ ਕਿਤੇ ਨਹੀਂ। ਐਸੇ ਤ੍ਰੈਬੇਣੀ ਸੰਗਮੀ ਦਸਮ-ਦੁਆਰ ਮਈ ਸਹਜ ਸੁੰਨ ਕੇ ਘਾਟ ਵਿਖੇ ਗੁਰਮਤਿ ਸਹਿਜ ਜੋਗੀਆਂ ਨੇ ਸਮਾਧ ਸਥਿਤ ਹੋ ਕੇ ਨਿਵਾਸ ਮਈ ਮੱਟ ਬਣਾ ਛੱਡਿਆ ਹੈ ਜਿਸ ਦੇ ਰਸਤੇ ਨੂੰ ਰਿਖੀ ਮੁਨੀ ਲੋਕ ਖੋਜਦੇ ਫਿਰਦੇ ਹਨ ਜੈਸਾ ਕਿ ਕਬੀਰ ਜੀ ਦਾ ਵਾਕ ਹੈ।

**ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ।।**
**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ।।**

(ਪੰਨਾ ੧੩੭੨)

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸ ਸਟੇਜ ਤੇ ਇਕ ਗਲਤੀ ਤੋਂ ਭੀ ਸੁਚੇਤ ਕੀਤਾ ਹੈ। ਉਹ ਇਸ ਬਾਰੇ ਲਿਖਦੇ ਹਨ ਕਿ "...... ਓਹ ਜਦੋਂ ਚਾਹੇ ਸ਼ਬਦ-ਰਸ ਪਰਾਇਣੀ ਹੋ ਕੇ, ਉਨਮਨ ਹੋਏ ਅਪਣੇ ਪ੍ਰਾਣ, ਆਪਣੀ ਵਾਯੂ ਦੀ ਸੁਭਾਵਗਤੀ ਨੂੰ ਅਜਪਾ ਜਾਪ ਦੇ ਸਹਾਰੇ ਉਲਟੇ ਕਰਕੇ ਆਪਣੀ ਅਭਿਆਸ ਸ਼ਕਤੀ ਦੁਆਰਾ ਦੋਹਾਂ ਪ੍ਰਾਣਾਂ (ਪ੍ਰਾਣ ਵਾਯੂ ਤੇ ਅਪਾਨ ਵਾਯੂ) ਨੂੰ ਉਪਰ ਨੂੰ ਖਿਚ ਲਵੇ। ਤਦ ਕੁੰਡਲਨੀ ਦੇ ਮਾਰਗ ਨੂੰ ਸੁਖੇਨ ਉਲੰਘ ਦਸਮ-ਦੁਆਰ ਵਿਖੇ ਪ੍ਰਵੇਸ਼ ਹੋ ਜਾਂਦਾ ਹੈ। ਕੁੰਡਲਨੀ ਮਾਰੇ ਸੱਪ ਦੇ ਵਿੰਗਾਂ ਵਾਲੇ ਖਟ ਚੱਕਰ ਸੋਧ ਕੇ ਸਹਿਜ ਹੀ ਸੁਲਝਾ ਲਏ ਗਏ। ਇਨ੍ਹਾਂ ਤੋਂ ਪਾਰ ਲੰਘਦਿਆਂ ਨੂੰ ਰਤਾ ਬਿਲਮ (ਦੇਰ) ਨਹੀਂ ਲਗੀ।.......... ਨਾਭੀ ਵਿਚੋਂ ਜੋਤਿ-ਰਸ ਠਰੰਮੀ ਪਵਨ ਇਕੋ ਹੀ ਪ੍ਰੇਮ (ਹਿਲੋਰੇ) ਹਿਜਕੋਰੇ ਨਾਲ ਉਲਟ ਕੇ ਮੀਨ ਕੀ ਨਿਆਈਂ, ਪੁਠੀਆਂ ਤਾਰੀਆਂ ਲਾਉਂਦੀ ਹੋਈ ਦਸਮ-ਦੁਆਰ ਵਿਖੇ ਜਾਏ ਪ੍ਰਵੇਸ਼ ਕਰਦੀ ਹੈ।........ ਜੋਤਿ ਵਿਗਾਸ ਰਸ ਦੇ ਸ਼ਗੁਫਤਾਓ ਅੰਦਰ ਹੀ ਉਤਰਾਓ ਚੜ੍ਹਾਓ ਦੀ ਸਾਰੀ ਖੇਡ ਖੇਡੀ ਜਾਂਦੀ ਹੈ। ਜਦ ਤਾਈਂ ਅਭਿਆਸੀ ਜਨ ਦਾ ਇਹ ਸ਼ਗੁਫਤਾਓ ਅਤਿ ਪਰਬਲ ਲੈਹਰਾਓ ਵਿਚ ਨਾ ਆ ਜਾਵੇ, ਉਦੋਂ ਤਾਈਂ ਉਤਰਾਰਧੀ ਚੜ੍ਹਾਓ ਚੜ੍ਹਣ ਦਾ ਹਮਾਕਤੀ ਹਠ-ਹਠਾਓ ਨਹੀਂ ਕਰਨਾ ਚਾਹੀਦਾ। ਕਿਉਂ ? ਹਠ ਯੋਗ ਦੀ ਤਾਂ ਇਥੇ ਲੋੜ ਹੀ ਨਹੀਂ। ਗੁਰਮਤਿ ਦਾ ਇਹ ਸਹਿਜ-ਜੋਗ ਸੁਤੇ ਸੁਭਾਵ ਅਨੰਦ ਲੈਹਰੀ ਵਿਗਾਸ ਵਿਚ ਹੋਇ ਆਵੰਦਾ ਹੈ।

ਭਾਈ ਸਾਹਿਬ ਦੇ, ਦਸਮ-ਦੁਆਰ ਸੰਬੰਧੀ ਉਪਰ ਦਿੱਤੇ ਵਿਚਾਰਾਂ ਦੀ ਹੋਰ ਵਿਆਖਿਆ ਕਰਨ ਦੀ ਕੋਈ ਲੋੜ ਨਹੀਂ ਭਾਸਦੀ। ਅਕਾਲ-ਪੁਰਖ ਦੀ ਲਖਤਾ ਦਾ ਨਿਸ਼ਾਨਾ ਅਸੀਂ ਪ੍ਰਾਪਤ ਕਰ ਲਿਆ ਹੈ, ਇਸ ਦੀ ਤਸੱਲੀ ਲਈ ਮਹਾਂ ਪੁਰਖਾਂ ਵਲੋਂ ਜੋ ਨਿਸ਼ਾਨੀਆਂ ਬਿਆਨ ਕੀਤੀਆਂ ਹਨ ਉਹ ਇਸ ਪਰਕਾਰ ਹਨ। ਭਾਈ ਗੁਰਦਾਸ ਜੀ ਦੀ ਵਾਰ ਵਿੱਚ ਇਹ ਸ਼ਬਦ ਦਰਜ ਹਨ।

**ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਖਾਇਆ।।**
**ਬੇਤ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਇਆ।।**

ਨਿਰੰਕਾਰ ਨੇ ਆਕਾਰ ਧਰਨ ਕਰ ਇਕ ਤਾਂ ਜੋਤਿ ਜਾਂ ਪ੍ਰਕਾਸ਼ ਦੇ ਰੂਪ ਵਿਚ ਦਰਸ਼ਨ ਦਿੱਤੇ, ਦੂਸਰੇ ਓਹ ਗੁਰ-ਸ਼ਬਦ 'ਵਾਹਿਗੁਰੂ' ਦੀ ਧੁਨੀ ਦੇ ਤੌਰ ਤੇ ਸੁਣਾਈ ਦਿੰਦਾ ਹੈ। ਇਸ ਤੋਂ ਸਿਧ ਹੋਇਆ ਹੈ ਕਿ ਨਿਰੰਕਾਰ ਦਾ ਸਰਗੁਣ ਸਰੂਪ ਜੋਤਿ ਅਤੇ ਨਾਮ ਹੈ। ਨਿਰੰਕਾਰ ਤੋਂ ਸੰਸਾਰ ਦੀ ਉਤਪਤੀ ਹੋਈ ਹੈ। ਇਸ ਲਈ ਉਹ ਸੰਸਾਰ ਦੇ ਜ਼ੱਰੇ ਜ਼ੱਰੇ ਵਿੱਚ ਮੌਜੂਦ ਹੈ। ਮੌਜੂਦ ਹੈ ਤਾਂ "**ਸਭ ਮਹਿ ਜੋਤਿ ਜੋਤਿ ਹੈ ਸੋਇ**" ਜੋਤਿ ਦੇ ਰੂਪ ਵਿਚ ਦਿਖਾਈ ਦਿੰਦਾ ਹੈ ਅਤੇ "**ਬਿਨ ਨਾਵੈ ਨਾਹੀ ਕੋ ਥਾਉ**" ਨਾਮ ਦੀ ਧੁਨੀ ਦੇ ਰੂਪ ਵਿੱਚ ਹਰ ਥਾਂ ਉਹ ਸੁਣਾਈ ਦਿੰਦਾ ਹੈ। ਇਸ ਵਿਚਾਰ ਦੀ ਪੁਸ਼ਟੀ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਪੁਸਤਕ 'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਵਿੱਚ ਇਨ੍ਹਾਂ ਸ਼ਬਦਾਂ ਨਾਲ ਕੀਤੀ ਹੈ, ਤੇ ਅਖੀਰ ਵਿੱਚ ਆਪਣੀ ਗਵਾਹੀ ਭੀ ਦਿੱਤੀ ਹੈ।

"ਸਤਿਨਾਮ ਗੁਰਮੰਤ੍ਰ ਦੇ ਸਿਮਰਨ ਹਾਰੇ ਘਟ-ਜੋਤਿ-ਦੀਪਕੀ ਗੁਰਮੁਖ ਜਨਾਂ ਨੂੰ ਹੀ ਵਾਸਤਵ ਵਿੱਚ ਸਾਰੇ ਖੰਡਾਂ ਮੰਡਲਾਂ ਬ੍ਰਹਮੰਡਾਂ ਅੰਦਰ, ਦੀਪਾਂ ਲੋਆਂ ਪਤਾਲਾਂ ਪੁਰੀਆਂ ਅੰਦਰ, ਸਗਲੀਆਂ ਖਾਣੀਆਂ ਬਾਣੀਆਂ ਤ੍ਰੈਗੁਣ ਮਖਾਣੀਆਂ ਅੰਦਰ, ਸਰਬੱਤਰ ਪਸੂ ਪੰਖੀ ਸਾਖਲਤਾਵਲੀਆਂ ਅੰਦਰ, ਸੂਖਮ ਸਥੂਲ ਜੰਤਾਂ ਅੰਦਰ, ਪ੍ਰਗਟ ਸਗਲੇ ਭਵਨਾਂ ਅੰਦਰ, ਸਾਰੇ ਸਤਿਨਾਮ ਦਾ ਗੁਰਮਤਿ ਸਿਮਰਨ ਜਾਪ ਹੁੰਦਾ ਸ੍ਰਵਨ ਹੁੰਦਾ ਹੈ।

(ਸਤਿਨਾਮ ਤੋਂ ਭਾਵ ਹੈ ਵਾਹਿਗੁਰੂ ਗੁਰਮੰਤ੍ਰ।)

**ਕਰਤੇ ਕੁਦਰਤੀ ਮੁਸਤਾਕੁ।।** (ਪੰਨਾ ੭੨੪)

ਅਰਥਾਤ ਕਰਤੇ ਪੁਰਖ ਦੇ ਜ਼ਹੂਰ ਨੂੰ ਕੁਦਰਤ ਅੰਦਰ ਜ਼ਾਹਰਾ ਜ਼ਹੂਰ ਪ੍ਰਤੱਖ ਪੇਖਨਹਾਰੇ ਸ਼ਬਦ

(ਬਾਕੀ ਪੰਨਾ ੧੯ ਤੇ......)



www.AKJ.Org

# ਗੁਰਸਿੱਖੀ ਅੰਦਰ ਬਿਬੇਕ

(ਪ੍ਰਿੰਸੀਪਲ ਮਿਹਰ ਸਿੰਘ ਜੀ)

ਅਸੀਂ ਇਸ ਸਚਾਈ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਗੁਰਸਿਖੀ ਦਾ ਕਮਾਣਾ ਬੜਾ ਹੀ ਕਠਿਨ ਹੈ। ਆਪਣੀ ਘਾਲ ਕਮਾਈ ਤੇ ਗੁਰੂ ਦੀ ਕ੍ਰਿਪਾ ਬਗੈਰ ਕੋਈ ਵੀ ਗੁਰਸਿਖ ਗੁਰਮਤਿ-ਮਾਰਗ ਤੇ ਚਲ ਹੀ ਨਹੀਂ ਸਕਦਾ। **"ਮੁਰਦਾ ਹੋਇ ਮੁਰੀਦ ਸੋਇ ਕੋ ਵਿਰਲਾ ਗੁਰਿ ਗੋਰਿ ਸਮਾਵੈ।"** (ਭਾਈ ਗੁਰਦਾਸ ਵਾਰ ੨੮/੧੬) ਦੇ ਅਨੁਸਾਰ ਨਾ ਕੇਵਲ ਸਰੀਰਕ ਰੂਪ ਨਾਲ ਬਲਕਿ ਆਤਮਕ ਤੌਰ ਤੇ ਵੀ ਆਪਣੀ ਹਸਤੀ ਨੂੰ ਮਿਟਾਣਾ ਇਸ ਮਾਰਗ ਵਿਚ ਪਹਿਲੀ ਸ਼ਰਤ ਹੈ। ਮੰਨ ਲਵੋ, ਇਕ ਇਛਾਵਾਨ ਚੜ੍ਹਦੀ-ਕਲਾ ਦਾ ਗੁਰਸਿਖ ਸੰਸਾਰਕ ਇਛਾਵਾਂ ਦੀ ਤੇ ਨਫਸੀ ਕੁਰਬਾਨੀ ਕਰਦਾ ਹੋਇਆ ਅਗੇ ਵਧ ਰਿਹਾ ਤੇ ਕਦਮ ਕਦਮ ਤੇ ਗੁਰੂ ਕ੍ਰਿਪਾ ਦੇ ਆਸਰੇ ਨਾਲ ਆਪਣੀ ਆਤਮਕ ਮੰਜ਼ਲ ਤੈਅ ਕਰਦਾ ਜਾਂਦਾ ਹੈ ਪਰ ਇਹ ਸਾਰੀਆਂ ਗੱਲਾਂ ਹੁੰਦਿਆਂ ਵੀ ਉਸ ਦੀ ਗੁਰੂ-ਦਰਸ-ਤੜਪ ਨੂੰ ਧੀਰਜ ਨਹੀਂ ਆਉਂਦਾ ਤੇ ਉਸਦੀ ਪ੍ਰੀਤ ਡੋਰੀ ਹਰਦਮ ਤੁਨਕਾ ਮਾਰ ਮਾਰ ਉਸਦੀ ਆਤਮਾ ਨੂੰ ਬੇਚੈਨ ਹੀ ਰਖਦੀ ਹੈ। **"ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ"** ਦੇ ਅਨੁਸਾਰ ਗੁਰਸਿਖ ਦੀ ਅੰਤਮ ਬਿਨੈ ਉਸ ਦਾਤੇ ਨਾਲ ਸਦੈਵੀ ਪ੍ਰੀਤ-ਨਾਤਾ ਜੁੜੇ ਰਹਿਣ ਦੀ ਹੈ। ਐਸੀ ਵਿਚਾਰ-ਧਾਰਾ ਵਾਲੇ ਗੁਰਸਿਖ ਧਨਤਾ ਯੋਗ ਹਨ। ਗੁਰਸਿਖੀ ਪਾਲਨ ਲਈ "ਸਰਬ ਲੋਹ" ਦੇ ਧਾਰਨੀ ਇਕ ਮਹਾਨ ਉੱਚਾ ਅਸਥਾਨ ਰਖਦੇ ਹਨ। ਉਨ੍ਹਾਂ ਦੀ ( Line of action) ਕਰਮ-ਪਦਤੀ ਸ਼ਲਾਘਾ ਯੋਗ ਹੈ ਉਸ ਵਿਚ ਗੁਰਸਿਖ ਪੂਰਨ ਰੂਪ ਤੇ ਆਪਣੇ ਇਸ਼ਟ ਦਾ "ਲਾਲਾ ਗੋਲਾ" ਬਣ ਕੇ ਗੁਰਸਿਖੀ ਦੇ ਨਿਯਮਾਂ ਨੂੰ ਪਿਆਰਦਾ ਹੋਇਆ ਗੁਰੂ ਦੀਆਂ ਖੁਸ਼ੀਆਂ ਤੇ ਬਖਸ਼ਸ਼ਾਂ ਦਾ ਪਾਤਰ ਛੇਤੀ ਬਣਦਾ ਹੈ। ਗੁਰਸਿਖੀ ਵਿਚ ਬਿਬੇਕ ਵੀ ਐਸੀ ਕ੍ਰਿਆਤਮਕ ਵਿਧੀ ਹੈ ਜਿਸ ਦਾ ਧਾਰਨੀ ਸਿਖ ਵੀ ਵਡਭਾਗੀ ਹੈ। ਉਹਨਾਂ ਸਭਨਾਂ ਗੁਰਸਿਖਾਂ ਨੂੰ ਪੂਰੇ ਅਦਬ ਤੇ ਸਨਮਾਨ ਨਾਲ ਸਿਰ ਝੁਕਾਉਂਦਿਆਂ ਹੋਇਆਂ ਤੇ ਉਨ੍ਹਾਂ ਗੁਰੂ-ਚਰਨ ਭੌਰਿਆਂ ਲਈ ਇਕ ਚੜ੍ਹਦੀ-ਕਲਾ ਲਈ ਗੁਰੂ ਸਾਹਿਬਾਨ ਅਗੇ ਜੋਦੜੀ ਕਰਦਿਆਂ ਹੋਇਆਂ, ਬੇਨਤੀ ਵਜੋਂ ਗੁਰੂ ਦੇ ਬਖਸ਼ੇ ਹੋਇ ਗਿਆਨ ਰਾਹੀਂ ਕੁਝ ਵਿਚਾਰ ਕੇਵਲ "ਬਿਬੇਕ" ਬਾਰੇ ਪਰਗਟ ਕਰਨ ਦਾ ਇਉਂ ਹੀਆ ਕਰ ਰਿਹਾ ਹਾਂ :-

ਬਿਬੇਕ ਕੀ ਹੈ ? 'ਬਿਬੇਕ' ਅੱਖਰ ਦੇ ਦੋ ਖੰਡ ਹਨ, ਬਿਬ+ਏਕ। 'ਬਿਬ' ਅਰਥਾਤ ਦੋ ਤੇ 'ਏਕ' ਅਰਥਾਤ ਇਕ। ਸੋ ਬਿਬੇਕ ਸ਼ਬਦ ਦੇ ਅਰਥ ਹੋਇ 'ਦੋਹਾਂ ਵਿਚੋਂ ਦਵੈਤ ਨੂੰ ਮਿਟਾ ਕੇ 'ਇਕ' ਨੂੰ ਵੇਖਣਹਾਰਾ। ਬ੍ਰਹਮ ਗਿਆਨ ਦੀ ਪਹਿਲੀ ਸੀੜ੍ਹੀ 'ਬਿਬੇਕ' ਹੈ। 'ਸਰਬਲੋਹ' ਤੋਂ ਬਾਅਦ 'ਬਿਬੇਕ' ਵੀ ਇਕ ਐਸਾ ਗੁਰਮਿਤ ਮਾਰਗ ਹੈ ਜਿਹੜਾ ਕਿ ਗੁਰਸਿਖ ਨੂੰ ਆਪਣੀ ਮਨਜ਼ਲੇ ਮਕਸੂਦ ਤਕ ਪਹੁੰਚਾਣ ਵਿਚ ਵੀ ਪੂਰਾ ਸਹਾਇਕ ਹੁੰਦਾ ਹੈ, ਜੇਕਰ ਇਸ ਨੂੰ ਠੀਕ ਠੀਕ ਸਮਝਿਆ ਜਾਏ ਅਤੇ ਇਸ ਤੇ ਕਮਾਈ ਕੀਤੀ ਜਾਏ

ਬਿਬੇਕੀ, ਸੰਸਾਰ ਦੀਆਂ ਸਾਰੀਆਂ ਵਸਤੂਆਂ ਵਿਚ ਇਕ (੧ਓ) ਨੂੰ ਵੇਖਦਾ ਹੈ। ਇਕ ਅੰਗਰੇਜ਼ੀ ਲਿਖਾਰੀ ਲਿਖਦਾ ਹੈ "To see unity in diversity is the work of a real ascetic" ਅਰਥਾਤ ਇਕ ਸੱਚੇ ਭਗਤ ਦਾ ਦ੍ਰਿਸ਼ਟੀਕੋਣ ਅਨੇਕਤਾ ਵਿਚੋਂ ਏਕਤਾ ਨੂੰ ਦੇਖਣਾ ਹੁੰਦਾ ਹੈ।

ਆਮ ਲੋਕ ਜਿਹੜੇ ਕਿ 'ਬਿਬੇਕ' ਦੇ ਅੰਦਰਲੇ ਗੋਹਜ-ਗਿਆਨ ਨੂੰ ਨਹੀਂ ਸਮਝਦੇ, ਕੇਵਲ ਖਾਣ-ਪੀਣ ਵਿਚ ਸ਼ੁਧਤਾ ਦੇ ਧਾਰਨੀ ਹੋਣਾ ਹੀ ਬਿਬੇਕ ਸਮਝਦੇ ਹਨ। ਇਸ ਵਿਚ ਸ਼ਕ ਨਹੀਂ ਕਿ *'ਜੈਸਾ ਅੰਨ, ਵੈਸਾ ਤਨ, ਜੈਸਾ ਤਨ ਵੈਸਾ ਮਨ, ਜੈਸਾ ਮਨ ਵੈਸੀ ਬੁਧੀ, ਜੈਸੀ ਬੁਧੀ ਵੈਸੀ ਆਤਮਾ'* ਦੇ ਕਥਨ ਮੁਤਾਬਕ ਉਹ ਕੁਝ ਕੁ ਠੀਕ ਹਨ ਪਰ ਬਿਬੇਕੀ ਦੀ ਮਨਜ਼ਲ ਇਥੇ ਹੀ ਖ਼ਤਮ ਨਹੀਂ ਹੋ ਜਾਂਦੀ , ਅਗੇ ਹੋਰ ਵੀ ਹੈ। ਖਾਣ-ਪੀਣ ਦੇ ਬਿਬੇਕ ਵਿਚ ਫਸਿਆ ਹੋਇਆ ਮਨੁੱਖ ਕੇਵਲ ਪੁਰਾਣਾ ਪੰਡਿਤ ਹੀ ਬਣ ਕੇ ਰਹਿ ਜਾਏਗਾ, ਜਿਸਦੀ ਗੁਰੂ ਸਾਹਿਬਾਨ ਨੇ ਨਿਖੇਧੀ ਕੀਤੀ ਹੈ।

ਇਕ ਬਿਬੇਕੀ ਜੋ ਆਪਣੀਆਂ ਤੇ ਬਾਹਰਲੀਆਂ ਗਿਆਨ-ਇੰਦਰੀਆਂ ਦਾ ਸੰਬਧ ਜੋੜੇ ਤਾਂ ਹੀ ਉਸ ਨੂੰ ਆਪਣੇ ਮਾਰਗ ਵਿਚ ਨਿਡਰਤਾ ਨਾਲ ਉਨਤੀ ਮਿਲੇਗੀ। ਬਿਬੇਕੀ ਆਪਣੇ ਮਨ ਦਾ ਦਾਇਰਾ ਖੁੱਲ੍ਹਾ ਰੱਖੇ, ਸੰਕੁਚਿਤ ਨ ਰੱਖੇ। ਜੇ ਉਹ ਇਹ ਹੀ ਸਮਝ ਬੈਠੇ ਕਿ ਕੇਵਲ ਖਾਣ-ਪੀਣ ਵਿਚ ਪਰਹੇਜ਼ (ਸੰਜਮ) ਕਰਨ ਦਾ ਨਾਉਂ ਹੀ ਬਿਬੇਕ ਹੈ ਤਾਂ ਉਹ ਪੂਰਨ ਨਹੀਂ ਹੋ ਸਕੇਗਾ। ਆਪਣੇ ਨਿਸ਼ਾਨੇ ਤੋਂ ਖੁੰਝ ਜਾਏਗਾ। ਜੇ ਜ਼ਰਾ ਵਿਚਾਰ ਨਾਲ ਸੋਚਿਆ ਜਾਏ ਤਾਂ ਇਹੋ ਹੀ ਮੰਨਣਾ



www.AKJ.Org

ਪਵੇਗਾ ਕਿ ਖਾਣ ਪੀਣ ਦੀ ਸ਼ੁਧਤਾ ਕੇਵਲ ਇਕ ਸਾਧਨ ਹੈ। ਇਸ ਨੂੰ ਉਹ ਅੰਤਮ ਟੀਚਾ (final goal) ਨਾ ਸਮਝੇ ਸਗੋਂ ਇਸ ਦੇ ਜ਼ਰੀਏ ਅਗਲੀਆਂ ਮੰਜ਼ਲਾਂ ਤੈਅ ਕਰੇ।

ਆਓ ਹੁਣ ਵਿਚਾਰੀਏ ਕਿ ਬਿਬੇਕੀ ਅਸਲ ਵਿਚ ਕੌਣ ਹੈ ? ਬਿਬੇਕੀ ਉਹ ਗੁਰੂ ਕਾ ਲਾਲ ਹੈ ਜਿਹੜਾ 'ਕਰਮ ਯੋਗ' ਵਿਚ ਬਿਬੇਕੀ ਹੋਵੇ ਅਰਥਾਤ ਕਰਤਾ, ਕਰਮ, ਕ੍ਰਿਆ ਨੂੰ ਸਮਝ ਕੇ ਆਪਣੇ ਸ਼ੁਭ ਕਰਮਾਂ ਨਾਲ ਉਸ 'ਕਰਤਾ ਪੁਰਖ' ਨਾਲ ਸਬੰਧ ਜੋੜੇ। ਬਿਬੇਕੀ ਦਾ ਕੰਮ 'ਭਗਤੀ ਯੋਗ' ਵਿਚ ਇਹ ਹੈ ਕਿ ਧਿਆਨ, ਧਿਆਤਾ, ਧੇਅ ਨੂੰ ਸਮਝਕੇ ਆਪਣੇ ਧਿਆਨ ਨਾਲ (ਜੋ ਸਿਮਰਨ ਦੀ ਇਕ ਸੁੰਦਰ ਸਟੇਜ ਹੈ) ਆਪਣੇ ਧੇਅ ਨੂੰ ਪਹਿਚਾਨੇ। ਇਸ ਤੋਂ ਇਲਾਵਾ 'ਗਿਆਨ ਯੋਗ' ਵਿਚ ਬਿਬੇਕੀ ਬਿਆਨ, ਗਿਆਤਾ, ਗੇਅ ਨੂੰ ਸਮਝਦਾ ਹੋਇਆ ਆਪਣੇ ਗੁਰ-ਨਾਮ ਗਿਆਨ ਦੁਆਰਾ 'ਗੇਅ' ਤੱਕ ਪਹੁੰਚੇ। ਇਹ ਹਨ ਬਿਬੇਕੀ ਲਈ ਜ਼ਰੂਰੀ ਸਾਧਨ ਜਿਨ੍ਹਾਂ ਵਾਸਤੇ ਉਸ ਨੂੰ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਬਿਬੇਕੀ ਸੱਜਣ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਅੰਦਰੂਨੀ ਤੌਰ ਤੇ ਸਮਝਣ ਲਈ ਕਿਸੇ ਦਿਬ-ਦ੍ਰਿਸ਼ਟੀ ਰੂਹ ਕੋਲ ਜਾ ਕੇ ਆਪਣੀ ਊਣਤਾਈ ਨੂੰ ਸਮਝ ਕੇ ਫੇਰ ਅਗੇ ਵਧੇ। ਇਸ ਨਾਲ ਉਸ ਨੂੰ ਇਹ ਪਤਾ ਲਗਦਾ ਰਹੇਗਾ ਕਿ ਉਹ ਆਪਣੇ ਗਿਆਨ, ਕਰਮ ਤੇ ਧਿਆਨ ਨਾਲ ਆਤਮਕ ਪਗ-ਡੰਡੀ ਤੇ ਹੀ ਚਲ ਰਿਹਾ ਹੈ ਤੇ ਥਿੜਕਿਆ ਨਹੀਂ।

ਦਿਬ-ਦ੍ਰਿਸ਼ਟੀ ਰੂਹਾਂ ਇਸ਼ਾਰਿਆਂ ਨਾਲ ਤੇ ਨਜ਼ਰਾਂ ਨਾਲ ਹੀ ਨਿਹਾਲ ਕਰ ਦੇਂਦੀਆਂ ਹਨ ਤੇ ਇਕ ਚਾਹਵਾਨ ਦੇ ਅੰਦਰਲੇ ਨੂੰ ਸੁਤੇ ਸਿਧ (automatically) ਹੀ ਪਾਲਸ਼ ਕਰ ਦਿੰਦੀਆਂ ਹਨ। ਬਿਬੇਕੀ, ਜਦੋਂ ਵੀ ਦਿਬ-ਦ੍ਰਿਸ਼ਟੀ ਰੂਹ ਕੋਲ ਜਾਏ, ਆਪਣਾ ਕਰਮ ਗਿਆਨ ਤੇ ਧਿਆਨ ਦੀ ਚਤਰਾਈ ਨੂੰ ਛੱਡ ਕੇ ਜਾਏ ਤਾਂ ਹੀ ਉਸ ਦੀ ਝੋਲੀ ਭਰੀ ਜਾਵੇਗੀ। ਉਹ **'ਹਮ ਭੀਖਕ ਭੇਖਾਰੀ ਤੇਰੇ, ਤੂ ਨਿਜਪਤਿ ਹੈ ਦਾਤਾ'** ਨੂੰ ਯਾਦ ਕਰਕੇ ਪੂਰਨ ਆਨੰਦ ਪ੍ਰਾਪਤ ਕਰੇਗਾ।

ਗੁਰਸਿਖੀ ਕਮਾਉਣਾ ਤੇ ਪਾਲਣਾ ਕੋਈ ਸੌਖੀ ਜੇਹੀ ਗੱਲ ਨਹੀ। ਗੁਰਸਿਖੀ ਕੁਰਬਾਨੀ ਦਿਤਿਆਂ ਮਿਲਦੀ ਹੈ। ਜਿਨ੍ਹਾਂ ਨੇ ਆਪਣੇ ਸਰੀਰਾਂ ਦੀ ਕੁਰਬਾਨੀ ਦਿੱਤੀ, ਗੁਰਸਿਖੀ ਉਨ੍ਹਾਂ ਨੂੰ ਮਿਲੀ। ਗੁਰਸਿਖੀ 'ਹੁਕਮੀ ਬੰਦਾ' ਬਣਨ ਨਾਲ ਮਿਲਦੀ ਹੈ। ਜਿਨ੍ਹਾਂ ਨੇ ਗੁਰੂ ਦੇ ਹੁਕਮਾਂ ਨੂੰ ਸਿਰ ਮੱਥੇ ਮੰਨਿਆ, ਗੁਰਸਿਖੀ ਉਨ੍ਹਾਂ ਦੇ ਕਰਮਾਂ ਵਿਚ ਆਈ। ਗੁਰਸਿਖੀ ਆਤਮ ਸਮਰਪਣ (self surrender) ਨਾਲ ਮਿਲਦੀ ਹੈ। ਗੁਰਸਿਖੀ-ਪਤੰਗਿਆਂ ਨੇ ਆਪਣੇ ਆਪ ਨੂੰ ਗੁਰੂ-ਰੂਪੀ ਸ਼ਮ੍ਹਾਂ ਤੇ ਭਸਮ ਕਰਕੇ ਗੁਰਸਿਖੀ ਪਾਈ। ਜਿਨ੍ਹਾਂ ਦੁਨੀਆਵੀ ਮਾਨ, ਦੌਲਤ ਦੀ ਖੁਮਾਰੀ ਨੂੰ ਲੱਤ ਮਾਰ ਕੇ ਗੁਰੂ ਜੀ ਅੱਗੇ ਗੁਰਸਿਖੀ ਦੀ ਦਾਤ ਵਾਸਤੇ ਜੋਦੜੀਆਂ ਕੀਤੀਆਂ, ਗੁਰਸਿਖੀ ਉਨ੍ਹਾਂ ਨੂੰ ਨਸੀਬ ਹੋਈ। ਤਾਂ ਫਿਰ ਐਸੀ ਮਹਿੰਗੀ ਚੀਜ਼ ਨੂੰ ਜੇ ਪਾਲਿਆ ਨਾਂ ਜਾਏ ਤਾਂ **'ਇਹੀ ਤੇਰਾ ਅਉਸਰੁ, ਇਹ ਤੇਰੀ ਬਾਰ'** ਨੂੰ ਅਸੀਂ ਭੁੱਲ ਗਏ ਤੇ ਸਾਡੀ ਜੀਵਨ-ਯਾਤਰਾ ਦਾ ਨਤੀਜਾ ਕੁਝ ਵੀ ਨਾ ਨਿਕਲਿਆ।

ਸੋ ਬਿਬੇਕ ਧਾਰਨ ਕਰਕੇ ਵੀ ਗੁਰਸਿਖੀ ਪੂਰਨਤਾ ਪ੍ਰਾਪਤ ਕਰਦੀ ਹੈ, ਉਸ ਨੂੰ ਠੀਕ ਮਹਿਨਿਆਂ ਵਿਚ ਸਮਝ ਕੇ ਪਾਲਣਾ ਜ਼ਰੂਰੀ ਹੈ। ਦਿਖਾਵੇ ਦਾ ਬਿਬੇਕ ਠੀਕ ਨਹੀਂ, ਗੁਰਸਿਖ ਲਈ ਲਕੜੀ ਵਿਚ ਘੁਣ ਦਾ ਕੰਮ ਕਰੇਗਾ। ਸਮਾਂ ਪਾ ਕੇ ਫਿਰ ਇਸੁ ਪਉੜੀ ਤੇ **'ਜੋ ਨਰੁ ਚੁਕੈ ਸੋ ਆਇ ਜਾਇ ਦੁਖੁ ਪਾਇਦਾ'** ਦੇ ਮੁਤਾਬਿਕ ਉਸੇ ਚੌਰਾਸੀ ਦੇ ਗੇੜ ਵਿਚ ਫਿਰ ਪੈ ਜਾਏਗਾ।

ਗੁਰਸਿਖੋ ! ਗੁਰੂ ਦੇ ਪਿਆਰਿਓ ! ਗੁਰਸਿਖੀ ਬਾਰੀਕ ਹੈ, "**ਸਿਲ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ।।**"(ਵਾਰ ੧੧/੫)। ਸੋ ਕਿਸੇ ਵੀ ਸਾਧਨ ਨੂੰ ਜਦੋਂ ਗੁਰਸਿਖੀ ਅੰਦਰ ਧਾਰਨ ਕੀਤਾ ਜਾਏ, ਆਪਣੇ ਆਪ ਨੂੰ ਦਿਖਾਵੇ ਤੋਂ ਬਚਾ ਕੇ ਰੱਖਣਾ ਹੀ ਲਾਭਦਾਇਕ ਹੈ। ਅਸਾਂ ਆਪਣੇ ਸ਼ੁਭ ਕਰਮਾਂ ਤੇ ਕਮਾਈ ਨਾਲ ਆਪਣੇ ਇਸ਼ਟ ਦੇਵ (੧ਓ) ਨੂੰ ਰੀਝਾਣਾ ਹੈ। *'ਲੋਕ ਪਤੀਣੈ ਕਛੂ ਨਾ ਹੋਵੈ'* ਨੂੰ ਯਾਦ ਕਰਦਿਆਂ ਹੋਇਆ ਜੇ ਅਸੀਂ ਆਪਣੇ ਸਾਰਿਆਂ ਕਰਮਾਂ ਦਾ ਕਰਤਾ ਉਸ ਦਾਤੇ ਨੂੰ ਹੀ ਸਮਝਾਂਗੇ, ਤਾਂ ਹੀ ਬਿਬੇਕ ਦੀ ਪਾਲਣਾ ਹੋਵੇਗੀ। ਸਾਡੀ ਜੀਵਨ ਯਾਤਰਾ ਦਾ ਉਦੇਸ਼ (aim) ਆਪਣਾ ਕਦਮ ਆਤਮਿਕ ਮਾਰਗ ਵਿਚ ਅਗੇ ਵਧਾਉਣਾ ਹੈ। ਜੇ ਇਹ ਹੈ ਤਾਂ ਅਸਾਂ ਬਹੁਤ ਕੁਝ ਖੱਟਿਆ ਹੈ ਕਿਉਂ ਜੋ ਸਾਡਾ ਅੰਤਮ ਫੈਸਲਾ ਤੇ ਸਾਡੇ ਸਾਰੇ ਜਨਮਾਂ ਦੇ ਸਾਰਿਆਂ ਕਰਮਾਂ ਦੇ ਆਧਾਰ ਤੇ (On the basis of sum total of our actions in



www.AKJ.Org

all our lives) ਹੋਵੇਗਾ ਅਤੇ **'ਧਰਮ ਰਾਇ ਦਰਿ ਕਾਗਦ ਫਾਰੇ, ਜਨ ਨਾਨਕ ਲੇਖਾ ਸਮਝਾ'** ਵਾਲਾ ਮਾਮਲਾ ਹੋ ਗਿਆ।

ਸੋ ਇਹ ਜ਼ਰੂਰੀ ਹੈ ਕਿ ਹਰ ਇਕ ਬਿਬੇਕੀ ਗੁਰਸਿਖ ਦਿਖਾਵੇ ਤੋਂ ਬਚੇ ਤੇ ਦੂਜਿਆਂ ਨੂੰ ਨਫ਼ਰਤ ਨਾ ਕਰੇ। ਜੇ ਉਹ ਦੂਜੇ ਗੁਰਸਿਖਾਂ ਅੰਦਰ ਗੁਰਮਤਿ ਅਸੂਲਾਂ ਦੀ ਕੁਝ ਥੁੜ੍ਹ ਦੇਖੇ ਤਾਂ ਯਾ ਤੇ ਪ੍ਰੇਮ ਨਾਲ ਉਸ ਨੂੰ ਸਮਝਾਏ, ਨਹੀਂ ਤੇ ਉਸ ਲਈ ਮਨ ਹੀ ਮਨ ਵਿਚ ਗੁਰੂ ਕ੍ਰਿਪਾ ਲਈ ਮੰਗ ਮੰਗੇ। ਸਾਰੇ ਸਾਧਨ ਅਪਣਾਉਂਦਿਆਂ ਹੋਇਆਂ ਵੀ ਉਹ ਨਿਰਮਾਣ ਰਹੇ ਤਾਂ ਫਿਰ ਬਿਬੇਕੀ, ਗੁਰੂ-ਭੌਰਾ (ਇਹ) **'ਲੋਕ ਸੁਖੀਏ ਪਰਲੋਕ ਸੁਹੇਲੇ।। ਨਾਨਕ ਹਰਿ ਪ੍ਰਭਿ ਆਪੇ ਮੇਲੇ।।'** ਦੇ ਮੁਤਾਬਕ ਲੋਕ ਪਰਲੋਕ ਵਿਚ ਮਾਣ ਪ੍ਰਾਪਤ ਕਰੇਗਾ।

ਸੋ ਆਉ, ਗੁਰਸਿਖੀ ਅੰਦਰ ਬਿਬੇਕ ਧਾਰਨ ਕਰਨ ਵਾਲੇ ਗੁਰਸਿਖੋ ! ਆਪਣੇ ਆਪ ਨੂੰ ਕਰਮ ਯੋਗ, ਭਗਤੀ ਯੋਗ ਤੇ ਗਿਆਨ ਯੋਗ ਦੀ ਕਸਵੱਟੀ ਤੇ ਵੀ ਪਰਖੋ। ਗੁਰੂ ਦੀਆਂ ਮਿਹਰਾਂ ਦਾ ਹੱਥ ਆਪ ਉਤੇ ਸਦਾ ਹੀ ਰਹੇਗਾ ਤੇ ਆਪ ਦਾ ਬਿਬੇਕ ਫਲੀਭੂਤ ਹੋਵੇਗਾ। ਸਰਬ ਲੋਹ ਤੇ ਬਿਬੇਕ ਜੈਸੇ ਸ਼ੁਭ ਆਤਮਕ ਮਾਰਗ ਤੇ ਸੁਚੱਜੇ ਰੂਪ ਨਾਲ ਚਲਣ ਵਾਲੇ ਸਜਣਾਂ ਦੇ **'ਜਬ ਲਗ ਖਾਲਸਾ ਰਹੇ ਨਿਆਰਾ'** ਦੇ ਜਜ਼ਬਾਤ ਨੂੰ ਅਮਲੀ ਰੂਪ ਨਾਲ ਪਾਲਣ ਕਰਦਿਆਂ ਵੇਖ ਕੇ ਬਾਕੀ ਗੁਰਸਿਖਾਂ ਨੂੰ ਵੀ ਉਨ੍ਹਾਂ ਸਨਮਾਨ ਕਰਨਾ ਜ਼ਰੂਰੀ ਹੈ। ਅੱਜ ਕਲ੍ਹ ਦੇ ਖੁੱਲ੍ਹੇ ਵਿਚਾਰਾਂ ਵਾਲੇ ਆਪਣੇ ਆਪ ਨੂੰ ਗੁਰਸਿੱਖ ਕਹਿਲਾਉਣ ਵਾਲੇ ਸੱਜਣ ਭਾਵੇਂ ਕੁਝ ਸਮਝਣ ਪਰ ਸੋਨਾ, ਸੋਨਾ ਹੀ ਹੈ ਭਾਵੇਂ ਕਿਸੇ ਵੇਲੇ ਉਸ ਤੇ ਆਰਜ਼ੀ ਤੌਰ ਤੇ ਮਿੱਟੀ ਹੀ ਕਿਉਂ ਨਾ ਲੱਗ ਜਾਵੇ।

ccccc

**ਝਾਲਾਘੇ ਉਠਿ ਨਾਮੁ ਜਪਿ,**
**ਨਿਸਿ ਬਾਸੁਰ ਆਰਾਧਿ।।**
**ਕਾਰ੍ਹਾ ਤੁਝੈ ਨ ਬਿਆਪਈ,**
**ਨਾਨਕ ਮਿਟੈ ਉਪਾਧਿ।।** (ਪੰਨਾ ੨੫੫)

(ਹੇ ਭਾਈ ! ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦਾ ਨਾਮ ਜਪ, ਦਿਨ ਰਾਤ ਅਰਾਧਨਾ ਕਰ। ਕੋਈ ਚਿੰਤਾ ਫਿਕਰ ਤੇਰੇ ਉਤੇ ਜ਼ੋਰ ਨਹੀਂ ਪਾ ਸਕੇਗਾ, ਤੇਰੇ ਅੰਦਰੋਂ ਵੈਰ-ਵਿਰੋਧ ਝਗੜੇ ਵਾਲਾ ਸੁਭਾਉ ਹੀ ਮਿਟ ਜਾਇਗਾ।)

(ਪੰਨਾ ੧੩ ਦਾ ਬਾਕੀ......)

ਸੁਰਤੀਸ਼ਵਰ ਗੁਰਮੁਖ ਜਨਾਂ ਨੂੰ ਕੁਦਰਤ ਦੀ ਕਾਇਨਾਤ ਦਾ ਇੱਕ ਇੱਕ ਜ਼ਰ੍ਹਾ ਵੀ ਹੁਸ਼ਨਲ ਜਮਾਲ ਜੋਤੀ ਸਰੂਪ ਜਾਨੀਅੜੇ ਵਾਹਿਗੁਰੂ ਦੀਆਂ ਜੋਤਿ ਜਲਵੰਨੀ ਕਿਰਨਾਂ ਨਾਲ ਜਗੰਨ ਹੋਇਆਂ ਨਜ਼ਰੀ ਆਉਂਦਾ ਹੈ। ਅਤੇ ਇਸ ਵਿਸ਼ਵ ਸੰਸਾਰ ਦਾ ਰੇਸ਼ਾ ਰੇਸ਼ਾ ਉਸ ਦੇ ਜੋਤਿ ਚਾਨਣੇ ਨਾਲ ਹੀ ਰੌਸ਼ਨ ਹੋਇਆ ਦਿਸਦਾ ਹੈ ਅਤੇ ਇਹ ਰੌਸ਼ਨਤਾ (ਰੁਸ਼ਨਾਈ) ਕੋਈ ਸੂਰਜ ਚੰਦ ਜਿਹੇ ਦ੍ਰਿਸ਼ਟਮਾਨ ਚਾਨਣੇ ਜੇਹੀ ਨਹੀਂ, ਕਿੰਤੂ ਇਸ ਦਿਬ ਜੋਤਿ ਚਾਨਣੇ ਅੱਗੇ ਕੋਟ ਸੂਰਜਾਂ ਦੇ ਚਾਨਣੇ ਇਕ ਟਟਾਣੇ (ਟਟਿਆਣੇ) ਜੇਹੇ ਹੀ ਹਨ। ਇਹਨਾਂ ਸਾਰੇ ਚਾਨਣਿਆਂ ਦਾ ਜੋਤਿ ਚਾਨਣਾ, ਪ੍ਰਕਾਸ਼ਾਂ ਦੇ ਪ੍ਰਕਾਸ਼ ਦਾ ਜੋਤਿ ਚਸ਼ਮਾ, ਅਗੰਮ ਅਦ੍ਰਿਸ਼ਟ ਅਗੋਚਰ ਊਚਾ, ਸਭ ਤੇ ਊਚਾ, ਦ੍ਰਿਸ਼ਟਮਾਨ ਉਚਿਆਈਆਂ ਤੋਂ ਸਭ ਤੋਂ ਊਚਾ, ਸਥੂਲ ਦ੍ਰਿਸ਼ਟ ਸ਼ਕਤਿ ਤੋਂ ਅਪਰੰਪਰ, ਅਮਿਤ ਤੇਜ ਸੁੰਦਰਤਾ ਵਾਲਾ, ਤੇਜ ਪ੍ਰਤਾਪ ਵਾਲੀ ਸੁੰਦਰਤਾ ਦਖਾ ਕੇ ਬਿਸਮਾਦ ਕਰਨ ਹਾਰਾ ਮੋਹਨ, ਗੁਰੂ ਵਾਹਿਗੁਰੂ ਪ੍ਰੀਤਮ ਵਡਭਾਗੇ ਗੁਰਮੁਖਾਂ ਨੇ ਸਾਂਗੋ ਪਾਂਗ ਡਿੱਠਾ ਹੈ।

ਜਦੋਂ ਗੁਰਮੁਖਿ ਹਰ ਪਾਸੇ ਨਾਮ ਦੀ ਧੁਨੀ ਸੁਣਦਾ ਹੈ ਤੇ ਜੋਤਿ ਦੇ ਦਰਸ਼ਨ ਕਰਦਾ ਹੈ ਤਾਂ ਉਹ ਬੇ-ਇਖਿਤਿਆਰ ਹੋ, ਪੁਕਾਰ ਉਠਦਾ ਹੈ ਕਿ -

**"ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ**
**ਗੋਬਿੰਦ ਬਿਨੁ ਨਹੀ ਕੋਈ"** (ਪੰਨਾ ੪੮੫)

ਅੰਤ ਸਮੇਂ ਸਰੀਰ ਤਿਆਗਣ ਤੇ ਇਸ ਪੰਜ ਭੂਤਕ ਦੇਹ ਨੂੰ, ਜਲਾ ਕੇ, ਦਬਾ ਕੇ ਜਾਂ ਜਲ ਪਰਵਾਹ ਕਰਕੇ ਨਸ਼ਟ ਕਰ ਦਿੰਦੇ ਹਨ। ਨਸ਼ਟ ਹੋਣ ਉਪਰੰਤ ਤੱਤ ਤੱਤਾਂ ਵਿਚ ਜਾ ਮਿਲਦੇ ਹਨ। ਸੂਖਸ਼ਮ ਸਰੀਰ ਜੋ ਸ਼ਕਤੀ ਤੋਂ ਉਤਪੰਨ ਹੋਇਆ ਸੀ ਮੁੜ ਜੀਵ-ਆਤਮਾ ਦੀ ਸ਼ਕਤੀ ਵਿੱਚ ਸਮਾ ਜਾਂਦਾ ਹੈ। ਜੀਵ-ਆਤਮਾ ਜੋਤਿ ਸਰੂਪ ਹੈ। ਪਰਮ ਆਤਮਾ ਤੋਂ ਵਿਛੜੀ ਸੀ। ਮੁੜ ਪਰਮ ਆਤਮ ਦੀ ਜੋਤ ਵਿੱਚ ਹੀ ਲੀਨ ਹੋ ਆਪਣਾ ਜੀਵਨ ਪੰਧ ਸੰਪੂਰਨ ਕਰਦੀ ਹੈ।

**ਜਿਉ ਜਲ ਮਹਿ ਜਲੁ ਆਇ ਖਟਾਨਾ।।**
**ਤਿਉ ਜੋਤੀ ਸੰਗਿ ਜੋਤਿ ਸਮਾਨਾ।।**
**ਮਿਟਿ ਗਏ ਗਵਨ ਪਾਏ ਬਿਸ੍ਰਾਮ।।**
**ਨਾਨਕ ਪ੍ਰਭ ਕੈ ਸਦ ਕੁਰਬਾਨ।।੮।।੧੧।।** (ਸੁਖਮਨੀ।।)
**ਜਾਂ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ।।** (ਪੰਨਾ ੮੪੬)

ccccc



www.AKJ.Org

# ਵਾਰ ਮਾਰੂ ਡਖਣੇ (੭)

(ਭਾਈ ਜੋਗਿੰਦਰ ਸਿੰਘ ਤਲਵਾੜਾ)

**ਜਾ ਮੂੰ ਆਵਹਿ ਚਿਤਿ ਤੂ, ਤਾ ਹਭੇ ਸੁਖ ਲਹਾਉ।।**
**ਨਾਨਕ ਮਨ ਹੀ ਮੰਝਿ ਰੰਗਾਵਲਾ, ਪਿਰੀ ਤਹਿਜਾ ਨਾਉ।।੧।।**
**ਮ:੫।। ਕਪੜ ਭੋਗ ਵਿਕਾਰ, ਏ ਹਭੇ ਹੀ ਛਾਰ।।**
**ਖਾਕੁ ਲੋੜੇਦਾ ਤੰਨਿ ਖੇ, ਜੋ ਰਤੇ ਦੀਦਾਰ।।੨।।**
**ਮ:੫।। ਕਿਆ ਤਕਹਿ ਬਿਆ ਪਾਸ, ਕਰਿ ਹੀਅੜੇ ਹਿਕੁ ਅਧਾਰੁ।।**
**ਥੀਉ ਸੰਤਨ ਕੀ ਰੇਣੁ, ਜਿਤੁ ਲਭੀ ਸੁਖ ਦਾਤਾਰੁ।।੩।।**

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ।

ਜਾ-ਜਦੋਂ। ਆਵਹਿ-ਤੂੰ ਆਵੇਂ। ਤਾ-ਤਦੋਂ। ਲਹਾਉ-ਮੈਂ ਪ੍ਰਾਪਤ ਕਰ ਲੈਂਦਾ ਹਾਂ। ਨਾਉ-ਨਾਮ। ਤਕਹਿ-ਤੂੰ ਵੇਖਦਾ ਹੈਂ।

ਤਹਿਜਾ-'ਹਿ' ਉਚਾਰਣ ਨਾਸਕੀ। ਲੋੜੇਦਾ-'ੜੇ' ਉਚਾਰਣ ਨਾਸਕੀ।

**ਪਦ ਅਰਥ** : ਮੂੰ-ਮੈਨੂੰ। ਚਿਤਿ-ਚਿਤ ਵਿਚ, ਚੇਤੇ। ਹਭੇ-ਸਾਰੇ। ਲਹਾਉ-ਮੈਂ ਪ੍ਰਾਪਤ ਕਰਦਾ ਹਾਂ। ਮੰਝਿ-ਵਿਚ। ਰੰਗਾਵਲਾ-ਰੰਗ ਵਾਲਾ,ਅੰਨਦ-ਦਾਇਕ। ਪਿਰੀ-ਹੇ ਪਿਰ! ਤਹਿਜਾ-ਤੇਰਾ।੧।

ਕਪੜ ਭੋਗ-ਹੰਢਾਣ ਖਾਣ। ਵਿਕਾਰ-ਬੇ-ਕਾਰ, ਫ਼ਜ਼ੂਲ। ਛਾਰ-ਸੁਆਹ। ਖਾਕੁ-ਮਿੱਟੀ, (ਚਰਨ-)ਧੂੜ। ਤੰਨਿ ਖੇ-ਤਿਨ੍ਹਾਂ ਦੀ। ਰਤੇ ਦੀਦਾਰ-ਦਰਸ਼ਨ ਦੇ ਮਤਵਾਲੇ (ਪ੍ਰੀਤਵਾਨ)।੨।

ਬਿਆ ਪਾਸ-ਹੋਰ ਹੋਰ ਪਾਸੇ (ਆਸਰੇ)। ਹੀਅੜੇ-ਹੇ ਮੇਰੇ ਜੀਅ ! ਹਿਕੁ-ਇਕ। ਅਧਾਰੁ-ਆਸਰਾ। ਥੀਉ- ਹੋ ਜਾ। ਰੇਣੁ-(ਚਰਨ-)ਧੂੜ। ਜਿਤੁ-ਜਿਸ ਤੋਂ (ਦੁਆਰਾ) । ਲਭੀ-ਤੈਨੂੰ ਮਿਲ ਪਵੇ।੩।

**ਅਰਥ** : ਹੇ ਪਿਆਰੇ ਪ੍ਰੀਤਮ ! ਜਦੋਂ ਤੂੰ ਮੈਨੂੰ ਚੇਤੇ ਆਉਂਦਾ ਹੈਂ,ਤਦੋਂ ਮਾਨੋ ਮੈਂ ਸਾਰੇ ਸੁਖ ਪ੍ਰਾਪਤ ਕਰ ਲੈਂਦੀ ਹਾਂ।

'ਨਾਨਕ' (ਮੁਹਰ-ਛਾਪ ਲਾ ਕੇ ਜੋਦੜੀ ਕਰਦੇ ਹਨ) ਮੇਰੇ ਮਨ ਵਿਚ ਕੇਵਲ ਤੇਰਾ ਅੰਨਦਦਾਇਕ ਨਾਮ ਹੀ ਵਸਦਾ ਰਵ੍ਹੇ !।੧।

(ਪ੍ਰਭੂ-ਪ੍ਰੀਤ ਤੋਂ ਬਗ਼ੈਰ) ਕਪੜੇ ਅਤੇ ਭੋਜਨ (ਭਾਵ, ਨਿਰਾ ਖਾਣ-ਹੰਢਾਣ) ਨਿਕੰਮੇ ਹਨ। ਇਹ ਸਾਰੇ ਹੀ (ਮਾਇਕੀ ਭੋਗ) ਸੁਆਹ ਸਮਾਨ (ਤੁਛ) ਹਨ। (ਮੈਨੂੰ ਇਹਨਾਂ ਦੀ ਰਤਾ ਚਾਹਨਾ ਨਹੀਂ) ਮੈਂ ਉਹਨਾ ਦੀ ਚਰਨ-ਧੂੜ ਲੋਚਦਾ ਹਾਂ ਜੋ ਪ੍ਰਭੂ-ਦੀਦਾਰ ਦੇ ਮਤਵਾਲੇ ਹਨ।੨।

ਹੇ ਜੀਵ ! ( ਆਤਮ-ਤ੍ਰਿਪਤੀ ਲਈ) ਕਿਸੇ ਹੋਰ ਪਾਸੇ ਕਿਉਂ ਝਾਕਦਾ ਹੈਂ, ਇਕ ਵਾਹਿਗੁਰੂ ਨੂੰ (ਹਿਰਦੇ ਦਾ )ਆਸ਼ਰਾ ਬਣਾ।

ਸਤ-ਪੁਰਸ਼ਾਂ ਦੀ ਚਰਨ-ਧੂੜ ਹੋ ਜਾ, ਜਿਸ ਸਦਕਾ ਤੈਨੂੰ ਸਰਬ ਸੁਖਦਾਇਕ ਵਾਹਿਗੁਰੂ ਅਵੱਸ਼ ਲੱਭ ਪਵੇ।੩।

**ਪਉੜੀ।।**

**ਵਿਣੁ ਕਰਮਾ ਹਰਿ ਜੀਉ ਨ ਪਾਈਐ, ਬਿਨੁ ਸਤਿਗੁਰ ਮਨੂਆ ਨ ਲਗੈ।।**
**ਧਰਮੁ ਧੀਰਾ ਕਲਿ ਅੰਦਰੇ, ਇਹੁ ਪਾਪੀ ਮੂਲਿ ਨ ਤਗੈ।।**
**ਅਹਿ ਕਰੁ ਕਰੇ ਸੁ ਅਹਿ ਕਰੁ ਪਾਏ, ਇਕ ਘੜੀ ਮੁਹਤੁ ਨ ਲਗੈ।।**
**ਚਾਰੇ ਜੁਗ ਮੈ ਸੋਧਿਆ, ਵਿਣੁ ਸੰਗਤਿ ਅਹੰਕਾਰੁ ਨ ਭਗੈ।।**
**ਹਉਮੈ ਮੂਲਿ ਨ ਛੁਟਈ, ਵਿਣੁ ਸਾਧੂ ਸਤਸੰਗੈ।।**
**ਤਿਚਰੁ ਥਾਹ ਨ ਪਾਵਈ, ਜਿਚਰੁ ਸਾਹਿਬ ਸਿਉ ਮਨ ਭੰਗੈ।।**
**ਜਿਨਿ ਜਨਿ ਗੁਰਮੁਖਿ ਸੇਵਿਆ, ਤਿਸੁ ਘਰਿ ਦੀਬਾਣੁ ਅਭਗੈ।।**
**ਹਰਿ ਕਿਰਪਾ ਤੇ ਸੁਖੁ ਪਾਇਆ ਗੁਰ ਸਤਿਗੁਰ ਚਰਣੀ ਲਗੈ।।੧੧।।**

**ਉਚਾਰਣ** : ਕਰਮਾ-(ਭਾਗਾਂ) ਅੰਤਲੇ ਸੂਰ ਦਾ ਉਚਾਰਣ ਨਾਸਕੀ ਹੈ।

**ਪਦ ਅਰਥ** : ਧੀਰਾ-ਧੀਰਜ ਦਾ ਪੁੰਜ। ਕਲਿ-ਕਲੇਸ਼ਾਂ ਭਰੇ ਸੰਸਾਰ ਵਿਚ। ਮੂਲਿ ਨ ਤਗੈ-ਬਿਲਕੁਲ ਨਹੀਂ ਨਿਭਦਾ। ਅਹਿ ਕਰੁ- ਇਹ ਹੱਥ। ਮੁਹਤੁ-ਛਿਨ ਭਰ ਭੀ। ਸੋਧਿਆ-ਪਰਖਿਆ ਪੜਤਾਲਿਆ ਹੈ। ਨ ਭਗੈ-ਨਾਸ ਨਹੀਂ ਹੁੰਦਾ। ਸਾਧੂ-ਸਤਿਗੁਰੂ। ਤਿਚਰੁ-ਓਨਾ ਚਿਰ (ਸਮਾਂ)। ਥਾਹ-ਹਾਥ, ਡੂੰਘਾਈ। ਜਿਚਰੁ-ਜਿੰਨਾ ਚਿਰ (ਸਮਾਂ)। ਮਨ ਭੰਗੈ-ਮਨ ਦਾ ਭੇਦ (ਫ਼ਰਕ)। ਗੁਰਮੁਖਿ-ਗੁਰੂ ਦਾ ਅਨੁਸਾਰੀ ਹੋ ਕੇ। ਦੀਬਾਣ-ਤਖ਼ਤ, ਆਸਣ। ਅਭਗੈ-ਨਾਸ ਨਾ ਹੋਣ ਵਾਲਾ (ਵਾਹਿਗੁਰੂ)।੧੧।

**ਅਰਥ** : ਚੰਗੇ ਭਾਗਾਂ ਤੋਂ ਬਿਨਾਂ ਹਰਿ ਜੀਉ ਨਹੀਂ ਮਿਲਦਾ, ਸਤਿਗੁਰ (ਦੀ ਦੀਖਿਆ) ਤੋਂ ਬਗ਼ੈਰ ਮਨ (ਵਾਹਿਗੁਰੂ ਦੇ ਚਰਨਾਂ ਵਿਚ) ਨਹੀਂ ਜੁੜਦਾ।

ਕਲੇਸ਼ਾਂ ਭਰੇ ਸੰਸਾਰ ਵਿਚ (ਵਿਕਾਰਾਂ ਦੇ ਹਲਿਆਂ ਮੂਹਰੇ) ਧਰਮ (ਮਨੁੱਖ ਨੂੰ) ਧੀਜਰਵਾਨ (ਹੌਸਲਾ ਰਖਣ ਵਾਲਾ) ਕਰਨ ਵਾਲਾ ਹੈ। ਇਹ ਮੇਰਾ ਪਾਪੀ ਜੀਊੜਾ (ਵਿਕਾਰਾਂ ਦੇ ਹਲਿਆਂ ਮੂਹਰੇ) ਮੂਲੋਂ ਹੀ ਟਿਕ ਨਹੀਂ ਸਕਦਾ।



www.AKJ.Org

(ਪ੍ਰਭੂ ਦਾ ਧਰਮ ਨਿਆਉਂ ਹੈ) ਇਹ ਹੱਥ (ਕੋਈ ਕਰਮ) ਕਰਦਾ ਹੈ ਤਾਂ (ਉਸ ਦਾ ਫਲ) ਇਹੀ ਹੱਥ ਪਾਉਂਦਾ ਹੈ। (ਇਹ ਧਰਮ-ਨਿਆਉਂ ਤੁਰਤ ਵਰਤਦਾ ਹੈ) ਘੜੀ ਦੇ ਘੜੀ ਦਾ ਸਮਾਂ ਵੀ ਨਹੀਂ ਲਗਦਾ।

ਮੈਂ ਚਾਰੇ ਜੁਗ ਭਾਵ ਚਹੁੰਆਂ ਜੁਗਾਂ ਦਾ ਵਰਤਾਰਾ ਘੋਖ-ਵਿਚਾਰ ਲਿਆ ਹੈ, (ਤੱਤ ਨਿਰਣਾ ਇਹ ਹੈ ਕਿ) ਸਤਸੰਗਤ ਤੋਂ ਬਗ਼ੈਰ ਅਹੰਕਾਰ ਪਿੱਛਾ ਨਹੀਂ ਛਡਦਾ।

ਸਾਧੂ-ਸਤਿਗੁਰੂ ਦੀ ਸਤ- ਸੰਗਤ ਬਗ਼ੈਰ (ਪ੍ਰਭੂ ਤੋਂ ਵਿਛੋੜਾ ਪਾਉਣ ਵਾਲੀ) ਹਉਮੈ ਮੂਲੋਂ ਹੀ ਮਗਰੋਂ ਨਹੀਂ ਲਹਿੰਦੀ।

ਜਿੰਨਾ ਚਿਰ ਸਾਹਿਬ ਨਾਲੋਂ ਕਿਸੇ ਦੇ ਮਨ ਦਾ ਤੋੜ- ਵਿਛੋੜਾ ਰਹਿੰਦਾ ਹੈ ਓਨਾ ਚਿਰ ਕੋਈ (ਭਵ-ਸਾਗਰ ਦੀ) ਥਾਹ (ਡੂੰਘਾਈ ਦਾ ਗਿਆਨ) ਨਹੀਂ ਪਾ ਸਕਦਾ।

ਜਿਸ ਜਿਸ ਮਨੁੱਖ ਨੇ ਗੁਰੂ ਦਾ ਅਨੁਸਾਰੀ ਹੋ ਕੇ (ਪ੍ਰਭੂ ਨੂੰ) ਸੇਵਿਆ ਹੈ, ਉਸ ਉਸ ਦੇ ਹਿਰਦੇ-ਘਰ ਵਿਚ ਹੀ ਅਬਿਨਾਸ਼ੀ ਪ੍ਰਭੂ ਦਾ ਆਸਣ ਲਗ ਜਾਂਦਾ ਹੈ।

ਹਰੀ ਦੀ ਕਿਰਪਾ ਸਦਕਾ ਸਤਿਗੁਰੂ ਦੀ ਚਰਨੀਂ ਲੱਗਣ ਨਾਲ ਹੀ ਆਤਮ-ਸੁਖ ਪਾਇਆ ਜਾ ਸਕਦਾ ਹੈ।੧੧।

**ਡਖਣੇ ਮ: ੫।।**

**ਲੋੜਦੋ ਹਭ ਜਾਇ, ਸੋ ਮੀਰਾ ਮੀਰੰਨ ਸਿਰਿ।।**
**ਹਠ ਮੰਝਾਹੂ ਸੋ ਧਣੀ, ਚਉਦੋ ਮੁਖਿ ਅਲਾਇ।।੧।।**
**ਮ: ੫।। ਮਾਣਿਕੂ ਮੋਹਿ ਮਾਉ, ਡਿੰਨਾ ਧਣੀ ਅਪਾਹਿ।।**
**ਹਿਆਉ ਮਹਿਜਾ ਠੰਢੜਾ, ਮੁਖਹੁ ਸਚੁ ਅਲਾਇ।।੨।।**
**ਮ:੫।। ਮੂ ਥੀਆਊ ਸੇਜ, ਨੈਣਾ ਪਿਰੀ ਵਿਛਾਵਣਾ।।**
**ਜੇ ਡੇਖੈ ਹਿਕ ਵਾਰ,ਤਾ ਸੁਖ ਕੀਮਾਹੂ ਬਾਹਰੇ।।੩।।**

**ਉਚਾਰਨ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ)ਦੇ ਅੰਤਲੇ ਸੂਰਾਂ ਦਾ ਉਚਾਰਣ ਨਾਸਕੀ ਹੈ: ਮੰਝਾਹੂ-ਵਿਚੋਂ। ਮੁਖਹੁ-ਮੂੰਹੋਂ। ਥੀਆਊ-ਮੈਂ ਹੋ ਜਾਵਾਂ। ਨੈਣਾ-ਅੱਖਾਂ ਨੂੰ। ਕੀਮਾਹੂ-ਕੀਮਤ ਤੋਂ।

ਲੋੜੀਦੋ-'ੜੀ' ਉਚਾਰਣ ਨਾਸਕੀ। ਚਉਦੋ- 'ਉ' ਉਚਾਰਣ ਨਾਸਕੀ। ਮਹਿਜਾ-'ਹਿ'ਉਚਾਰਣ ਨਾਸਕੀ।

**ਪਦ ਅਰਥ** : ਲੋੜੀਦੋ-ਲੋੜੀਦਾ ਹੈ, ਭਾਲੀਦਾ ਹੈ। ਹਭ ਜਾਇ-ਹਰ ਥਾਵੇਂ। ਮੀਰਾਂ ਮੀਰੰਨ ਸਿਰਿ-ਸ਼ਾਹਾਂਸਿਰ ਸ਼ਾਹ (ਸਰਬੋਤਮ ਪਾਤਿਸ਼ਾਹ)। ਹਠ-ਹਿਰਦਾ। ਮੰਝਾਹੂ-ਵਿਚੋਂ। ਧਣੀ-ਮਾਲਕ। ਚਉਦੋ-(ਜੋ ਜੀਵ) ਬੋਲਦਾ ਹੈ। ਅਲਾਇ-ਜਪਦਾ ਹੈ।੧।

ਮਣਕੂ-ਮੋਤੀ, ਹੀਰਾ। ਮੋਹਿ-ਮੈਨੂੰ। ਮਾਉ-ਹੇ ਮਾਂ। ਡਿੰਨਾ-ਦਿਤਾ ਹੈ। ਅਪਾਹਿ-ਆਪ ਹੀ। ਹਿਆਉ-ਹਿਰਦਾ। ਮਹਿਜਾ-ਮੇਰਾ। ਅਲਾਇ-ਬੋਲ ਕੇ, ਜਪ ਕੇ।੧।

ਮੂ-ਮੈਂ। ਥੀਆਊ-ਹੋ ਜਾਵਾਂ। ਡੇਖੈ-(ਲਹਿੰਦੀ ਪੰਜਾਬੀ) ਵੇਖੇ। ਹਿਕ-(ਲਹਿੰਦੀ ਪੰਜਾਬੀ) ਇਕ। ਕੀਮਾਹੂ-ਕੀਮਤ ਤੋਂ ਪਰੇ।੩।

**ਅਰਥ** : ਉਹ ਪਾਤਿਸ਼ਾਹਾਂ ਸਿਰ ਪਾਤਿਸਾਹ ਹਰੇਕ ਥਾਵੇ ਭਾਲੀਦਾ ਹੈ। (ਜੋ ਜੋ ਜੀਵ) ਮੂੰਹ ਨਾਲ (ਉਸਦੇ ਗੁਣ) ਉਚਾਰਦਾ ਹੋਇਆ ਉਸ ਨੂੰ (ਨਿਰੰਤਰ) ਜਪਦਾ ਹੈ (ਉਸ ਨੂੰ ਪ੍ਰਤੀਤ ਆ ਜਾਦੀਂ ਹੈ ਕਿ) ਉਹ (ਦੋ ਜਹਾਨਾ ਦਾ) ਮਾਲਕ ਹਿਰਦੇ ਵਿਚ ਹੀ ਵਸਦਾ ਹੈ।੧।

ਹੇ ਮਾਂ! ਮੇਰੇ ਮਾਲਕ ਨੇ ਆਪ ਹੀ ਮੈਨੂੰ ਨਾਮ-ਹੀਰਾ ਬਖਸ਼ਿਆ ਹੈ। ਮੂਹੋ ਸਚ ਨਾਮ ਨੂੰ ਜਪ ਜਪ ਕੇ ਮੇਰਾ ਹਿਰਦਾ ਠੰਡਾ ਠਾਰ ਹੋ ਗਿਆ ਹੈ।੨।

ਮੈਂ (ਸਮੁਚੀ ਹੀ ਪ੍ਰਭੂ-ਪਤੀ ਦੇ ਬਿਰਾਜਣ ਲਈ) ਸੇਜਾ ਦਾ ਵਛਾਉਣਾ ਬਣਾ ਲਵਾਂ। ਜੇ ਉਹ ਇਕ ਵਾਰੀ ਹੀ ਮਿਹਰ ਦੀ ਨਜਰ ਨਾਲ ਮੇਰੇ ਵਲ ਵੇਖੇ ਤਾਂ ਮੈਨੂੰ ਅਜਿਹੇ ਸੁਖ ਮਿਲ ਜਾਦੇ ਹਨ, ਜਿਹੜੇ ਕੀਮਤ ਤੋਂ ਪਰੇ ਹਨ।੩।

**ਪਉੜੀ ।।**

**ਮਨੁ ਲੋਚੈ ਹਰਿ ਮਿਲਣ ਕਉ,ਕਿਉ ਦਰਸਨੁ ਪਾਈਆ ।।**
**ਮੈ ਲਖ ਵਿੜਤੇ ਸਾਹਿਬਾ, ਜੇ ਬਿੰਦ ਬੋੁਲਾਇਆ ।।**
**ਮੈ ਚਾਰੇ ਕੁੰਡਾ ਭਾਲੀਆ, ਤੁਧੁ ਜੇਵਡੁ ਨ ਸਾਈਆ ।।**
**ਮੈ ਦਸਿਹੋ ਮਾਰਗੁ ਸੰਤਹੋ,ਕਿਉ ਪ੍ਰਭੂ ਮਿਲਾਈਆ।।**
**ਮਨੁ ਅਰਪਿਹੋ ਹਉਮੈ ਤਜਹੁ,ਇਤੁ ਪੰਥਿ ਜੁਲਾਈਆ।।**
**ਨਿਤ ਸੇਵਿਹੁ ਸਾਹਿਬੁ ਆਪਣਾ,ਸਤ ਸੰਗਿ ਮਿਲਾਈਆ।।**
**ਸਭੇ ਆਸਾ ਪੂਰੀਆ, ਗੁਰਿ ਮਹਲਿ ਬੁਲਾਈਆ।।**
**ਤੁਧੁ ਜੇਵਡੁ ਹੋਰੁ ਨ ਸੁਝਈ,ਮੇਰੇ ਮਿਤ੍ਰ ਗੋੁਸਾਈਆ।।੧੨।।**

**ਉਚਾਰਨ** :- ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੂਰਾਂ ਦਾ ਉਚਾਰਨ ਨਾਸਕੀ ਹੈ:-

ਕਿਉ-ਕਿਵੇਂ ? ਪਾਈਆ-ਮੈਂ ਪ੍ਰਾਪਤ ਹੋਵਾਂ। ਬੋੁਲਾਈਆ ਜਾਵਾਂ। ਕੁੰਡਾ-ਕੂੰਟਾਂ (ਦਿਸ਼ਾਵਾਂ)। ਭਾਲੀਆ-ਢੂੰਢ ਮਾਰੀਆਂ ਹਨ। ਕਿਉ-ਕਿਵੇਂ ? ਮਿਲਾਈਆ-ਮੈਂ ਮਿਲਾਇਆ ਜਾਵਾਂ। ਜੁਲਾਈਆ-ਮੈਂ ਟੋਰਿਆ ਜਾਵਾਂ। ਆਸਾ-ਇਛਾਂ। ਪੂਰੀਆ-ਪੂਰਨ ਹੋ ਗਈਆਂ। ਬੁਲਾਈਆ-ਮੈਂ ਸੱਦ ਲਿਆ ਜਾਵਾਂ।

ਵਿੜਤੇ-'ਤ' ਉਚਾਰਨ ਦੁੱਤ ਕਰ ਕੇ।



www.AKJ.Org

ਸਾਈਆ-'ਈ' ਉਚਾਰਨ ਨਾਸਕੀ, ਜਿਸ ਦੀ ਨਾਸਕਤਾ ਕੰਨੋ ਦੀ ਧੁਨੀ ਨੂੰ ਵੀ ਪ੍ਰਭਾਵਤ ਕਰਦੀ ਹੈ।

ਗੁਸਾਈਆ-(੧) 'ਈ' ਉਚਾਰਨ ਨਾਸਕੀ, ਜਿਸ ਦੀ ਨਾਸਕਤਾ ਅੰਤਲੇ ਕੰਨੇ ਦੀ ਧੁਨੀ ਨੂੰ ਵੀ ਪ੍ਰਭਾਵਤ ਕਰਦੀ ਹੈ।

(੨) ਸ਼ਬਦ ਦੀ ਮੂਲਕ -ਬਣਤਰ 'ਗ' ਹੋੜੇ ਸਹਿਤ ਹੈ,ਪਰ ਕਾਵਿ-ਪ੍ਰਬੰਧ ਅਧੀਨ ਇਥੇ'ਗ' ਦਾ ਉਚਾਰਨ ਔਂਕੜ ਸਹਿਤ ਕਰਨ ਦਾ ਸੰਕੇਤ ਹੈ।

**ਪਦ ਅਰਥ** : ਵਿੜਤੇ-ਵੱਟ (ਖਟ) ਲਏ। ਬਿੰਦ-ਪਲ ਭਰ। ਅਰਪਿਹੋ-ਅਰਪਣ ਕਰੋ, ਸੌਂਪੋ। ਇਤੁ ਪੰਥਿ-ਇਸ ਰਾਹ ਉਤੇ। ਗੁਸਾਈਆ-ਹੇ ਮਾਲਕ!

**ਅਰਥ** : ਹੇ ਹਰੀ ! ਮੇਰਾ ਮਨ ਤੈਨੂੰ ਮਿਲਣ ਨੂੰ ਤਾਂਘਦਾ ਹੈ, ਤੇਰੇ ਦਰਸ਼ਨ ਨੂੰ ਕਿਵੇਂ ਪ੍ਰਾਪਤ ਹੋਵਾਂ?

ਮੇਰੇ ਮਾਲਕ! ਜੇ ਰਤਾ ਭਰ ਸਮੇਂ ਲਈ ਭੀ (ਤੇਰੀ ਹਜ਼ੂਰੀ ਵਿਚ) ਬੁਲਾਇਆ ਜਾਵਾਂ ਤਾਂ ਜਾਣੋ ਮੈਂ ਲੱਖਾਂ (ਦਸੜੇ) ਖਟ ਲਏ।

ਹੇ ਮੇਰੇ ਸਾਈਂ ! ਮੈਂ (ਸੰਸਾਰ ਦੀਆਂ) ਚਾਰੇ ਦਿਸ਼ਾਵਾਂ ਢੂੰਢ ਮਾਰੀਆਂ ਹਨ, ਤੇਰੇ ਜਿਡਾ (ਤੇਰੇ ਬਰਾਬਰ ਦਾ) ਕੋਈ ਨਹੀਂ (ਦਿਸਿਆ)।

ਹੇ ਸੰਤ ਜਨੋ ! (ਕਿਰਪਾ ਕਰ ਕੇ ਪ੍ਰਭੂ-ਮਿਲਾਪ ਦਾ) ਮਾਰਗ ਮੈਨੂੰ ਦਸੋ ਕਿ ਪ੍ਰਭੂ ਨਾਲ ਕਿਵੇਂ ਮਿਲਾਇਆ ਜਾਵਾਂ ?

"ਮਨ (ਪ੍ਰਭੂ ਨੂੰ) ਅਰਪਣ ਕਰੋ, ਹਉਮੈ ਨੂੰ ਛਡੋ" (ਇਹ ਜੋ ਪ੍ਰਭੂ-ਮਿਲਾਪ ਦਾ ਮਾਰਗ ਕਹੀਦਾ ਹੈ, ਮੇਰੀ ਰੀਝ ਹੈ, ਮੈਂ ਵੀ) ਇਸ ਰਸਤੇ ਤੇ ਟੋਰਿਆ ਜਾਵਾਂ।

"ਨਿਤਾਪ੍ਰਤਿ ਆਪਣਾ ਪ੍ਰਭੂ ਸੇਵਨ ਕਰੋ, ਭਾਵ, ਆਪਣੇ ਪ੍ਰਭੂ ਦਾ ਸਿਮਰਨ ਕਰੋ" (ਇਹ ਜੋ ਪ੍ਰਭੂ-ਮਿਲਾਪ ਲਈ ਗੁਰੂ -ਉਪਦੇਸ ਹੈ,ਇਸ ਨੂੰ ਕਮਾਉਣ ਲਈ ਸਤਿਗੁਰੂ ਦੀ ਪਾਠਸਾਲਾਂ) ਸਤਿਸੰਗ ਵਿਚ (ਮੈਂ ਵੀ) ਮਿਲਾਇਆ ਜਾਵਾਂ।

ਜੇ ਮੈਂ ਗੁਰੂ ਦੇ ਨਿਜ -ਮਹਿਲ ਵਿਚ ਬੁਲਾਇਆ ਜਾਵਾਂ ਤਾਂ ਜਾਣੋ, (ਮੇਰੀਆ) ਸਾਰੀਆ ਆਸਾਂ ਪੂਰੀਆ ਹੋ ਗਈਆਂ।

ਸ੍ਰਿਸ਼ਟੀ ਦੇ ਮਾਲਕ ਮੇਰੇ ਸੱਜਣ ! ਤੇਰੇ ਜਿਡਾ ਵੱਡਾ (ਤੇਰੀ ਬਰਾਬਰੀ ਦਾ) ਮੈਨੂੰ ਕੋਈ ਹੋਰ ਦੂਜਾ ਸੁਝਦਾ ਹੀ ਨਹੀਂ ।੧੨।

ooooo

## "ਸੂਰਾ" ਅਕਤੂਬਰ, ੧੯੯੫ ਵਿੱਚ ਦਿੱਤੇ ਗਏ ਬੱਚਿਆਂ ਲਈ ਸਵਾਲਾਂ ਦੇ ਜਵਾਬ

੧. ਭਾਈ ਲਹਿਣਾ ਜੀ ਦੇ ਹੁਕਮ ਮੰਨਣ ਦੀ ਖੂਬੀ (ਗੁਣ) ਤੋਂ ਖੁਸ਼ ਹੋ ਕੇ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਗੁਰ-ਗੱਦੀ ਸੌਂਪੀ।

੨. ਬ੍ਰਾਹਮਣੀ ਰਸਮ ਰਿਵਾਜ ਨੂੰ ਬਿਪਰਨ ਕੀ ਰੀਤ ਕਿਹਾ ਜਾਂਦਾ ਹੈ। ਅਜੇਹੀਆਂ ਚਾਰ ਮੁੱਖ ਰੀਤਾਂ ਜਿਨ੍ਹਾਂ ਵਿੱਚ ਬਹੁਤ ਸਾਰੇ ਸਿੱਖ ਹਾਲੇ ਤੀਕ ਫਸੇ ਹੋਏ ਹਨ, ਇਹ ਹਨ-

(1) ਕਰਵਾ ਚੌਥ ਦਾ ਬਰਤ (2) ਰੱਖੜੀ (3) ਸਰਾਧ (4) ਸੰਗ੍ਰਾਂਦ, ਮੌਸਿਆ, ਪੂਰਨਮਾਸ਼ੀ, ਦਸਮੀ ਆਦਿ।

੩. 'ਤੁਰੀਆ' ਚੌਥਾ ਪਦ ਹੈ ਜਿੱਥੇ ਮਾਇਆ ਦੇ ਤਿੰਨੇ ਗੁਣ-ਰਜੋ, ਤਮੋ, ਸਤੋ, ਪੋਹ ਨਹੀਂ ਸਕਦੇ। ਇਸ ਨੂੰ ਸਹਿਜ ਅਵਸਥਾ ਵੀ ਕਿਹਾ ਜਾਂਦਾ ਹੈ।

ਸੇਵਾ ਸਿਮਰਨ ਇਸ ਪਦ ਦੀ ਪ੍ਰਾਪਤੀ ਦਾ ਸਾਧਨ ਹੈ।

੪. ਸੱਤ ਕੁ ਸਾਲ ਦੀ ਉਮਰ ਵਿੱਚ ਯਤੀਮ ਹੋਏ ਭਾਈ ਜੇਠਾ ਜੀ ਗੁਰ-ਗੱਦੀ ਤੇ ਬਿਰਾਜਮਾਨ ਹੋ ਕੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਕਹਾਏ ਅਤੇ ਨਿਆਸਰਿਆਂ ਦੇ ਆਸਰਾ ਬਣੇ। ਉਨ੍ਹਾਂ ਦਾ ਜਨਮ ਚੂਨਾ ਮੰਡੀ, ਲਾਹੌਰ (ਪਾਕਿਸਤਾਨ) ਵਿਖੇ ੨੪ ਸਤੰਬਰ, ੧੫੩੪ ਨੂੰ ਹੋਇਆ।

੫. ਮਹਾਰਾਜਾ ਰਣਜੀਤ ਸਿੰਘ ਤੇ ਨਵਾਬ ਮੁਜ਼ੱਫਰ ਖਾਂ ਵਿਚਕਾਰ ਹੋਈ ਸੰਨ ੧੮੧੭ ਦੀ ਮੁਲਤਾਨ ਦੀ ਜੰਗ ਵਿੱਚ ਬਹਾਦਰ ਸਿੰਘਾਂ ਨੇ ਤੋਪ ਦਾ ਪਹੀਆ ਟੁੱਟ ਜਾਣ ਤੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਵਾਰੋ ਵਾਰੀ ਮੋਢਾ ਦੇ ਕੇ ਤੋਪ ਨੂੰ ਚਲਦੀ ਰੱਖਿਆ।



www.AKJ.Org

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿਤ੍ਰ ਸੀਸ ਮਾਰਗ

(ਸੰਗਤ ਸਿੰਘ ਹੀਰਾ)

**ਸ਼ਹੀਦੀ** :– ਦੁਨੀਆਂ ਦਾ ਇਤਿਹਾਸ ਦੱਸਦਾ ਹੈ ਕਿ ਆਪਣੀ ਆਪਣੀ ਉੱਮਤ ਲਈ ਕਈ ਰਾਹਨੁਮਾਵਾਂ ਨੇ ਤਸੀਹੇ ਸਹੇ ਅਤੇ ਮਾਰਾਂ ਖਾਧੀਆਂ ਪਰ ਧੰਨ ਹਨ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਨ੍ਹਾਂ ਨੇ ਦੂਜਿਆਂ ਦੇ ਧਰਮ ਦੀ ਖ਼ਾਤਰ ਜਾਨ ਦਿਤੀ। ਦਸਮ ਪਾਤਸ਼ਾਹ ਜੀ ਫੁਰਮਾਂਦੇ ਹਨ :-

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।।**
**ਕੀਨੋ ਬਡੋ ਕਲੂ ਮਹਿ ਸਾਕਾ।।**
**ਸਾਧਨਿ ਹੇਤਿ ਇਤੀ ਜਿਨਿ ਕਰੀ।।**
**ਸੀਸੁ ਦੀਆ ਪਰ ਸੀ ਨਾ ਉਚਾਰੀ।।੧੩।।**
**ਧਰਮ ਹੇਤ ਸਾਕਾ ਜਿਨਿ ਕੀਆ ।।**
**ਸੀਸੁ ਦੀਆ ਪਰ ਸਿਰੁ ਨਾ ਦੀਆ .....**

.........................................................

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ।।**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।।੧੫।।**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।।**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ।।੧੬।।**

ਇਹ 'ਤਾ ਕਾ', ਸ਼ਬਦ ਸਾਰੀ ਗੱਲ ਦਾ ਨਿਰਣਾ ਕਰ ਦੇਂਦਾ ਹੈ ਕਿ ਆਪ ਨੇ ਕਿਨ੍ਹਾਂ ਦੀ ਖ਼ਾਤਰ ਆਪਣੇ ਪ੍ਰਾਣਾਂ ਦਾ ਬਲੀਦਾਨ ਦਿੱਤਾ ਕਿਉਂਕਿ ਆਪ ਤਾਂ ਗੁਰੂ ਸਾਹਿਬ ਜੰਞੂ ਪਾਂਦੇ ਹੀ ਨਹੀਂ ਸਨ, ਜੇ ਪਾਂਦੇ ਹੁੰਦੇ ਤਾਂ 'ਤਾ ਕਾ' ਸ਼ਬਦ ਕਦੇ ਨਾ ਵਰਤਦੇ।

**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।।**

ਇਸ ਗੱਲ ਦਾ ਭਾਵ ਪ੍ਰਤੱਖ ਹੈ ਕਿ ਅੱਜ ਤੱਕ ਹੋਰ ਕੋਈ ਮਹਾਨ ਵਿਅਕਤੀ ਅਜਿਹਾ ਨਹੀਂ ਹੋਇਆ ਜਿਸ ਨੇ ਦੂਜਿਆਂ ਦਾ ਦੁੱਖ ਆਪਣੇ ਸਿਰ ਲੈ ਕੇ ਪ੍ਰਾਣਾਂ ਦੀ ਅਹੂਤੀ ਦੇ ਦਿੱਤੀ ਹੋਵੇ ਅਤੇ ਜਦ ਤੱਕ ਮਕਸਦ ਪੂਰਾ ਨਾ ਹੋ ਗਿਆ ਹੋਵੇ ਆਪਣੇ ਪਰਿਵਾਰ ਵਿੱਚ ਇਸ ਤਰ੍ਹਾਂ ਦੀਆਂ ਅਹੂਤੀਆਂ ਦੀ ਲੜੀ ਬੰਨ੍ਹ ਦਿੱਤੀ ਹੋਵੇ।

ਗੁਰੂ ਸਾਹਿਬ ਦੇ ਸ਼ਹੀਦ ਹੁੰਦੇ ਹੀ ਇਕ ਕਹਿਰ ਦੀ ਆਂਧੀ ਆਈ ਜਿਸ ਵਿੱਚ ਗੁਰੂ ਦੀ ਓਟ ਲੈ ਕੇ, ਅਰਦਾਸਾ ਸੋਧ, ਭਾਈ ਜੈਤਾ ਜੀ (ਰੰਘਰੇਟਾ ਗੁਰੂ ਕਾ ਬੇਟਾ) ਜੀ ਮਹਾਰਾਜ ਦਾ ਪਵਿੱਤਰ ਸੀਸ ਚੁੱਕ ਕੇ ਅਨੰਦਪੁਰ ਸਾਹਿਬ ਨੂੰ ਤੁਰ ਪਿਆ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਜੋ ਰੂਈ ਦੀ ਗੱਡੀ ਲੈ ਕੇ ਉੱਥੋਂ ਲੰਘ ਰਿਹਾ ਸੀ, ਗੁਰੂ ਸਾਹਿਬ ਦੇ ਧੜ ਨੂੰ ਗੱਡੇ ਵਿੱਚ ਰੱਖ ਆਪਣੀ ਝੁੱਗੀ ਵਿੱਚ ਰਕਾਬ ਗੰਜ ਦੇ ਸਥਾਨ ਤੇ ਲਿਆਇਆ ਜਿਥੇ ਧੜ ਨੂੰ ਰੱਖ ਕੇ ਸਣੇ ਝੁੱਗੀ ਸਸਕਾਰ ਕਰ ਦਿੱਤਾ। ਇਹ ਸਮਾਂ ਗੁਰੂ ਤੇਗ ਬਹਾਦਰ ਜੀ ਤੇ ਵਾਪਰਿਆ। ਸੀਸ ਦਾ ਸਸਕਾਰ ਤਿੰਨ੍ਹ ਸੌ ਮੀਲ ਦੂਰ ਅਨੰਦਪੁਰ ਸਾਹਿਬ ਹੋਵੇ ਤੇ ਧੜ ਦਾ ਹੋਰ ਥਾਂਵੇ ਹੋਵੇ, ਇਹ ਇਤਿਹਾਸ ਵਿੱਚ ਹੋਰ ਕਿਸੇ ਦਾ ਨਹੀਂ, ਅਜੇਹੀ ਮਿਸਾਲ ਨਹੀਂ ਮਿਲਦੀ ਅਤੇ ਨਾ ਹੀ ਮਿਲੇਗੀ।

**ਪਵਿੱਤਰ ਸੀਸ ਮਾਰਗ** :– ਭਾਈ ਜੈਤਾ ਜੀ ਆਪਣੇ ਸਾਥੀਆਂ ਦੇ ਨਾਲ ਗੁਰੂ ਮਹਾਰਾਜ ਜੀ ਦਾ ਪਵਿੱਤਰ ਸੀਸ ਲੈ ਕੇ ਅਨੰਦਪੁਰ ਸਾਹਿਬ ਵੱਲ ਤੁਰ ਪਏ। ਸੀਸ ਦੇ ਗਾਇਬ ਹੋ ਜਾਣ ਦੇ ਕਾਰਨ ਜ਼ਰੂਰੀ ਸੀ ਕਿ ਹਰ ਪਾਸੇ ਹਲ-ਚਲ ਮਚ ਜਾਂਦੀ ਤੇ ਮੁਗਲੀਆਂ ਸਰਕਾਰ ਦੇ ਸਿਪਾਹੀਆਂ ਅਤੇ ਸੈਨਾ ਵਲੋਂ ਉਸ ਦੀ ਖੋਜ ਆਰੰਭ ਕਰ ਦਿੱਤੀ ਜਾਂਦੀ। ਇਸ ਲਈ ਸੀਸ ਨੂੰ ਹਨ੍ਹੇਰੇ ਵਿੱਚ ਛੁਪਾ ਕੇ ਹੀ ਲਿਜਾਇਆ ਜਾ ਸਕਦਾ ਸੀ ਤਾਂ ਜੋ ਸਰਕਾਰੀ ਸਿਪਾਹੀਆਂ ਦੇ ਹੱਥ ਆਉਣ ਤੋਂ ਬਚਿਆ ਜਾ ਸਕੇ। ਭਾਈ ਜੈਤਾ ਜੀ ਆਪਣੇ ਸਾਥੀਆਂ ਸਮੇਤ ਪਾਨੀਪਤ ਤੇ ਕਰਨਾਲ ਹੁੰਦੇ ਹੋਏ ਤਰਾਵੜੀ ਇਕ ਗੁਰ ਸਿੱਖ ਭਾਈ ਦੇਵਾ ਰਾਮ ਦੇ ਘਰ ਜਾ ਪਹੁੰਚੇ ਅਤੇ ਪਰਿਵਾਰ ਨੂੰ ਸੀਸ ਦੇ ਦਰਸ਼ਨ ਕਰਾਏ, ਇੱਥੇ ਰਾਤ ਵਿਸਰਾਮ ਕੀਤਾ। ਅੰਮ੍ਰਿਤ ਵੇਲੇ ਸੀਸ ਨੂੰ ਨਿੰਮ ਦੇ ਪੱਤਿਆਂ ਵਿੱਚ ਰੱਖ ਕੇ ਰਮਾਲੇ ਨਾਲ ਲਪੇਟ ਕੇ ਅੰਤਮ ਦਰਸ਼ਨ ਕਰਾਏ ਅਤੇ ਅੱਗੇ ਅੰਬਾਲਾ ਸ਼ਹਿਰ ਵੱਲ ਚਲ ਪਏ। ਹੁਣ ਇਸ ਥਾਂ ਤੇ ਗੁਰਦੁਆਰਾ ਪਾਤਸ਼ਾਹ ੯ ਸਥਾਪਤ ਹੈ।

ਅੰਬਾਲਾ ਸ਼ਹਿਰ ਤੋਂ ਜੋ ਤਰਾਵੜੀ ੪੦ ਮੀਲ ਤੇ ਹੈ, ਉਸ ਜ਼ਮਾਨੇ ਵਿੱਚ ਇਸ ਥਾਂ ਦੇ ਕੋਲ ਜਿੱਥੇ ਅੱਜ ਕੱਲ੍ਹ ਜਗਾਧਰੀ ਗੇਟ ਹੈ ਅਤੇ ਮਿਉਂਸਪਲ ਕਮੇਟੀ ਦੇ ਦਫ਼ਤਰ ਹਨ, ਉਦੋਂ ਇਥੇ ਟਾਂਗਰੀ ਜਾਂ (ਡਾਂਗਰੀ) ਨਦੀ ਵੱਗਦੀ ਸੀ। ਭਾਈ ਜੈਤਾ ਜੀ ਨੇ ਸਿਰ ਉੱਤੇ ਸਤਿਗੁਰਾਂ ਦਾ ਸੀਸ ਰੱਖਿਆ ਹੋਇਆਂ ਹੀ ਨਦੀ ਪਾਰ ਕੀਤੀ। ਇੱਥੇ ਬੇਰੀਆਂ ਦੇ ਝੁੰਡ ਦੀ ਛਾਂ ਵੇਖ ਕੇ ਸਿਰ ਤੋਂ ਟੋਕਰਾ ਉਤਾਰ ਕੇ ਬੜੇ ਸਤਿਕਾਰ ਨਾਲ ਉੱਚੀ ਥਾਂ ਤੇ ਰੱਖ ਦਿੱਤਾ।



www.AKJ.Org

ਇਸ ਥਾਂ ਦੇ ਨੇੜੇ ਗਰੀਬ ਅਤੇ ਕ੍ਰਿਤੀ ਲੋਕਾਂ ਦੀਆਂ ਝੌਂਪੜੀਆਂ ਸਨ ਜਿਨ੍ਹਾਂ ਵਿੱਚ ਬਹੁਤੇ ਘੁਮਿਆਰ ਸਨ। ਇਥੋਂ ਆਰਾਮ ਕਰਨ ਲਈ ਆਪ ਕਿਸੇ ਗੁਰਸਿੱਖ ਪ੍ਰੇਮੀ ਦੇ ਘਰ ਦੀ ਭਾਲ ਵਿੱਚ ਸਨ। ਇਕ ਬਿਰਧ ਰਾਹੀਂ ਪਤਾ ਲੱਗਾ ਕਿ *"ਤਅੱਕਲ ਸ਼ਾਹ ਦੇ ਤਕੀਏ"* ਜਿਥੇ ਪੀਰ ਗੈਬ ਸ਼ਾਹ ਦੀ ਜਗ੍ਹਾ ਹੈ, ਪਾਸ ਹੀ ਇੱਕ ਹਿੰਦੂਆ ਦਾ ਘਰ ਹੈ, ਪਰ ਉਸ ਬਸਤੀ ਵਿੱਚ ਮੁਸਲਮਾਨਾਂ ਦੀ ਆਬਾਦੀ ਵਧੇਰੇ ਹੈ। ਭਾਈ ਜੈਤਾ ਜੀ ਨਿਰਭੈਅ ਹੋ ਕੇ ਉਸ ਬਸਤੀ ਵੱਲ ਤੁਰ ਪਏ। ਰਸਤੇ ਵਿੱਚ ਪੀਰ ਜੀ ਮਿਲ ਪਏ, ਅੱਗੇ ਹੋ ਕੇ ਕਿਹਾ, *"ਆਉ ਭਾਈ ਜੀ ! ਤੁਸੀਂ ਸਾਡੇ ਮਹਿਮਾਨ ਹੋ।"* ਪੀਰ ਜੀ ਨੂੰ ਵੇਖ ਕੇ ਆਪਨੇ ਕੁਝ ਝਿਜਕ ਮਹਿਸੂਸ ਕੀਤੀ। ਪਰ ਪੀਰ ਜੀ ਨੇ ਬੜੇ ਪਿਆਰ ਨਾਲ ਕਿਹਾ, *"ਜਿਨ੍ਹਾਂ ਦੀ ਤੁਸੀਂ ਕਾਰ ਕਰਦੇ ਹੋ, ਮੈਂ ਵੀ ਉਨ੍ਹਾਂ ਦੇ ਚਰਨਾਂ ਦੀ ਖਾਕ ਹਾਂ। ਮੈਂ ਸਭ ਕੁੱਝ ਜਾਣਦਾ ਹਾਂ"*- ਪੀਰ ਜੀ ਦੇ ਇਹ ਬਚਨ ਸੁਣ ਕੇ ਆਪ ਇਨਕਾਰ ਨਾ ਕਰ ਸਕੇ ਤੇ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਪਏ।

ਭਾਈ ਰਾਮ ਜੀ ਦੇ ਘਰ ਪੁੱਜ ਕੇ, ਪੀਰ ਜੀ ਨੇ ਸਤਿਗੁਰਾਂ ਦੇ ਸੀਸ ਨੂੰ ਸਿਰ ਨਿਵਾ ਕੇ ਸਤਿਕਾਰ ਕੀਤਾ ਤੇ ਭਾਈ ਜੈਤਾ ਜੀ ਨੂੰ ਹੌਂਸਲਾ ਦੇ ਕੇ ਵਾਪਸ ਤਕੀਏ ਪਰਤ ਆਏ। ਭਾਈ ਰਾਮ ਜੀ ਦੇ ਪਰਿਵਾਰ ਨੂੰ ਮਹਾਰਾਜ ਜੀ ਦੇ ਸੀਸ ਦੇ ਦਰਸ਼ਨ ਕਰਾਏ ਅਤੇ ਰਾਤ ਵਿਸਰਾਮ ਕੀਤਾ। ਅੰਮ੍ਰਿਤ ਵੇਲੇ ਹੀ ਸੀਸ ਨੂੰ ਨਿੰਮ ਦੇ ਪੱਤਿਆਂ ਵਿੱਚ ਰੱਖ ਕੇ ਰੁਮਾਲੇ ਵਿੱਚ ਲਪੇਟ ਕੇ ਇਥੋਂ ਅੱਗੇ ਨਾਭਾ ਪਿੰਡ ਵੱਲ ਚਲ ਪਏ। (ਬਾਅਦ ਵਿੱਚ ਗੁਰੂ ਗੋਬਿੰਦ ਰਾਇ (ਸਿੰਘ) ਜੀ ਵੀ ਪ੍ਰਚਾਰ ਕਰਦੇ ਹੋਏ ਇੱਥੇ ਕੁੱਝ ਦਿਨ ਠਹਿਰੇ ਸਨ।) ਹੁਣ ਇੱਥੇ ਵੀ ਗੁਰਦੁਆਰਾ ਸਾਹਿਬ ਸਥਾਪਤ ਹੈ।

ਨਾਭਾ ਪਿੰਡ, ਅੰਬਾਲੇ ਤੋਂ ਲਗ-ਪਗ ੧੫ ਮੀਲ ਦੂਰ ਤਹਿਸੀਲ ਰਾਜਪੁਰਾ ਥਾਣਾ ਲਾਲੜੂ ਵਿੱਚ ਰੇਲਵੇ ਸਟੇਸ਼ਨ ਘੱਗਰ ਤੋਂ ੪ ਮੀਲ ਪੱਛਮ ਵੱਲ ਹੈ, ਵਿਖੇ ਅੱਜ-ਕੱਲ ਗੁਰਦੁਆਰਾ ਚੋਆ ਸਾਹਿਬ ਹੈ। ਇਥੇ ਕੁੱਝ ਸਮਾਂ ਵਿਸਰਾਮ ਕੀਤਾ। (ਜਿਸ ਪਾਸ ਟਿਕੇ ਸਨ ਉਹ ਇੱਕ ਮੁਸਲਮਾਨ ਫ਼ਕੀਰ ਸੀ) ਇਥੋਂ ਚੱਲ ਕੇ ਸਿੱਧੇ ਪਾਵਨ ਨਗਰੀ ਕੀਰਤਪੁਰ ਸਾਹਿਬ, ਜੋ ਲਗ-ਪਗ ੫੫ ਮੀਲ ਦੂਰ ਹੈ, ਜਾ ਦਮ ਲਿਆ। ਬੜੇ ਆਦਰ ਨਾਲ ਸੀਸ ਟਿਕਾ ਕੇ ਭਾਈ ਅੱਡਾ ਜੀ ਅਨੰਦਪੁਰ ਸਾਹਿਬ ਖ਼ਬਰ ਦੇਣ ਗਏ ਅਤੇ ਉਥੋਂ ਦੀ ਸੰਗਤ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ ਜੀ ਅਤੇ ਬਾਲ ਦਸ਼ਮੇਸ਼ ਗੁਰੂ ਜੀ ਨੂੰ ਨਾਲ ਲੈ ਕੇ ਕੀਰਤਪੁਰ ਸਾਹਿਬ ਪੁੱਜੇ।

ਕੀਰਤਪੁਰ ਸਾਹਿਬ ਇਸ ਲਈ ਸੀਸ ਟਿਕਾਇਆ ਸੀ ਕਿਉਂਕਿ ਪਾਤਾਲਪੁਰੀ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿਰਾਏ ਜੀ ਦੇ ਅੰਗੀਠੇ ਸਨ ਅਤੇ ਇਹ ਪੁੱਛਣਾ ਜ਼ਰੂਰੀ ਸੀ ਕਿ ਸਸਕਾਰ ਕੀਰਤਪੁਰ ਤਾਂ ਨਹੀਂ ਕਰਨਾ। ਪਰੰਤੂ ਗੁਰੂ ਜੀ ਨੇ ਅਨੰਦਪੁਰ ਸਾਹਿਬ ਹੀ ਸਸਕਾਰ ਕਰਨ ਦਾ ਫੈਸਲਾ ਕੀਤਾ। ਸੰਗਤਾਂ ਕੀਰਤਨ ਕਰਦੀਆਂ ਸੀਸ ਨੂੰ ਅਨੰਦਪੁਰ ਸਾਹਿਬ ਲੈ ਆਈਆਂ। ਮਾਤਾ ਗੁਜਰੀ ਜੀ ਨੇ ਜਦ ਪਤੀ ਗੁਰੂ ਦਾ ਸੀਸ ਵੇਖਿਆ ਤਾਂ ਅਡੋਲ ਰਹੇ ਅਤੇ ਮੱਥਾ ਟੇਕ ਕੇ ਫ਼ੁਰਮਾਇਆ, *"ਤੁਹਾਡੀ ਨਿਭ ਗਈ, ਮੇਰੀ ਵੀ ਨਿਭ ਆਏ।"*

ਸੀਸ ਨੂੰ ਗੁਲਾਬ ਦੇ ਜਲ ਨਾਲ ਧੋਤਾ ਗਿਆ ਅਤੇ ਚੰਦਨ ਦੀ ਚਿਖਾ ਤੇ ਰੱਖ ਕੇ ਸਸਕਾਰ ਕੀਤਾ। ਜੁੜੀਆਂ ਸੰਗਤਾਂ ਨੂੰ ਕਲਗੀ ਵਾਲੇ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ *"ਮਨ ਨੂੰ ਡੁਲਾਉਣ ਦੀ ਲੋੜ ਨਹੀਂ। ਗੁਰੂ ਅਰਜਨ ਦੇਵ ਜੀ ਫੁਰਮਾ ਗਏ ਸਨ ਕਿ ਪਰਉਪਕਾਰੀ ਜਨ ਇਸੇ ਲਈ ਆਉਂਦੇ ਹਨ ਕਿ ਲੋਕਾਂ ਨੂੰ ਜੀਅ ਦਾਨ ਦੇ ਕੇ ਭਗਤੀ ਵੱਲ ਲਗਾਉਣ ਅਤੇ ਵਾਹਿਗੁਰੂ ਨਾਲ ਇਕ-ਮਿਕ ਹੋਣ ਦੀ ਜਾਂਚ ਸਿਖਾਉਣ। ਪਿਤਾ ਗੁਰੂ ਤੇਗ ਬਹਾਦਰ ਜੀ ਆਪਣਾ ਸੀਸ ਦੇ ਕੇ ਸਾਰੇ ਸੰਸਾਰ ਨੂੰ ਜੀਵਨ ਦਾਨ ਦੇ ਗਏ ਹਨ।'*

ਜਦੋਂ ਭਾਈ ਜੈਤਾ ਜੀ ਦੀ ਕੁਰਬਾਨੀ, ਜੁਅੱਰਤ ਤੇ ਵਿਉਂਤ ਦੀ ਗਾਥਾ ਸੁਣੀ ਤਾਂ ਸਿੱਖ ਨੂੰ ਛਾਤੀ ਨਾਲ ਲਾਇਆ ਅਤੇ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਸਨਮਾਨਿਆ। ਬੇਅੰਤ ਅਸੀਸਾਂ ਬਖਸ਼ ਕੇ, ਰੰਘਰੇਟੇ ਸੂਰਬੀਰ ਨੂੰ ਦਸਤਾਰ ਤੇ ਚੋਲਾ ਬਖਸ਼ ਕੇ ਆਪਣੇ ਇਕ ਦਸਤੇ ਦਾ ਜਥੇਦਾਰ ਵੀ ਨੀਯਤ ਕੀਤਾ।

ਭਾਈ ਜੈਤਾ ਜੋ ੧੬੯੯ ਦੀ ਵਿਸਾਖੀ ਤੇ ਖੰਡੇ ਪਾਹੁਲ ਛੱਕ ਕੇ ਭਾਈ ਜੀਵਨ ਸਿੰਘ ਬਣੇ। ੨੩ ਦਸੰਬਰ ੧੭੦੪ ਈ. ਨੂੰ ਸ਼ਹੀਦੀ ਪ੍ਰਾਪਤ ਕੀਤੀ। ******

**ਅਤਿ ਜ਼ਰੂਰੀ ਬੇਨਤੀ**

ਸੂਰਾ ਮਾਸਿਕ ਪੱਤਰ ਵਿਚ ਛਪਵਾਉਣ ਲਈ ਸਮਾਗਮ ਸਬੰਧੀ ਕੋਈ ਵੀ ਸੂਚਨਾ ਸਬੰਧਤ ਪਰਚੇ ਦੇ ਮਹੀਨੇ ਤੋਂ ਪਹਿਲੇ ਮਹੀਨੇ ਦੀ ਇਕ ਤਾਰੀਖ ਤੱਕ ਸੂਰਾ ਦੇ ਦਫ਼ਤਰ ਵਿਚ ਪਹੁੰਚ ਜਾਣੀ ਚਾਹੀਦੀ ਹੈ। ਭਾਵ ਫਰਵਰੀ ਦੇ ਪਰਚੇ ਵਿਚ ਛਪਣ ਵਾਲੀ ਸੂਚਨਾ ਇਕ ਜਨਵਰੀ ਤੋਂ ਪਹਿਲਾਂ ਦਫ਼ਤਰ ਵਿਖੇ ਪਹੁੰਚ ਜਾਣੀ ਚਾਹੀਦੀ ਹੈ। ਦੇਰ ਨਾਲ ਪੁੱਜਣ ਵਾਲੀਆਂ ਸੂਚਨਾਵਾਂ ਪੱਤਰ ਵਿਚ ਨਹੀ ਛਪ ਸਕਣਗੀਆਂ।

.......ਸੰਪਾਦਕ



www.AKJ.Org

# ਹਨ੍ਹੇਰੀ

(ਸੁਸ਼ੀਲ ਕੌਰ)

ਹਨ੍ਹੇਰੀ ਉਠੀ ਏ
ਕਹਿਰ ਦੀ ਹਨ੍ਹੇਰੀ,
ਤਬਾਹੀ ਮਚਾਉਂਦੀ, ਅੰਨ੍ਹੀ ਹਨ੍ਹੇਰੀ।
ਅਕਾਸ਼ 'ਚ ਉਛਲਦੇ ਮਿੱਟੀ ਘੱਟੇ ਦੇ ਜਵਾਰ ਭਾਟਿਆਂ ਚੋਂ
ਡਰ, ਸਹਿਮ, ਹੱਤਕ, ਬੇਪਤੀ, ਖ਼ੂਨ ਉਗਾਲਦੀ।
ਕੁਰਸੀ-ਯੁੱਧ ਦੇ ਮੈਦਾਨ ਵਿਚ ਉਠਦੇ ਵਾ-ਵਰੋਲਿਆਂ ਕੋਲੋਂ
ਤਾਂਡਵ ਨਾਚ ਕਰਾਂਵਦੀ।
ਅੱਗ ਦੇ ਭਾਂਬੜਾਂ ਨੂੰ ਬੁੱਕਲ ਵਿੱਚ ਲੁਕਾਂਵਦੀ,
ਇਹ ਲਾਲ ਪੀਲੀ ਕਾਲੀ ਬੋਲੀ ਹਨ੍ਹੇਰੀ
ਝੁਲ ਪਈ ਏ ਅੰਧਾ ਧੁੰਦ ਦੀ ਹਨ੍ਹੇਰੀ।
ਸ਼ੋਖ ਫੁੱਲਾਂ ਦੇ ਲੌਛਿਆਂ ਨੂੰ
ਹਰਿਆਂ ਪੱਤਿਆਂ ਦੀਆਂ ਲਸਰਾਂ ਨੂੰ
ਆਪਣੇ ਵਹਾ ਸੰਗ ਤੇਜ਼ ਦੁੜਾਉਂਦੀ,
ਪੁੱਠੇ ਕਰ ਕਰ ਕੇ ਲਟਕਾਉਂਦੀ,
ਡਾਲੀਓਂ ਤੋੜ ਮਿੱਟੀ ਘੱਟੇ ਵਿਚ ਰੁਲਾਉਂਦੀ,
ਘੋਰ ਹਨ੍ਹੇਰੀ ਤੇਜ ਹੋਈ ਜਾਂਦੀ ।
ਸੁੱਚੇ ਫੁੱਲਾਂ, ਰੇਸ਼ਮੀ ਪੱਤਿਆਂ ਵਾਲੇ ਟਾਹਣ
ਇਕ ਦੂਜੇ ਵਲ ਦੇਖ ਕੇ ਰੀਝਣ ਵਾਲੇ ਟਾਹਣ
ਹਨ੍ਹੇਰੀ ਦੇ ਹਨ੍ਹੇਰ ਵਿਚ ਅੰਨ੍ਹੇ ਹੋਏ
ਇਕ ਦੂਜੇ ਵਿਚ ਵੱਜਦੇ
ਖਾੜ ਖਾੜ ਕਰਦੇ
ਟੁੱਟਦੇ, ਭੱਜਦੇ, ਡਿਗਦੇ, ਚੂਰ ਚੂਰ ਹੋਈ ਜਾਂਦੇ।
ਛੱਪਰਾਂ ਛੰਨਾ ਝੁੱਗੀਆਂ ਵਾਲੇ
ਕੁਝ ਲਭਦੇ ਫਿਰਦੇ।
ਘੁਰਨਿਆ ਦੇ ਮੂੰਹ ਬੰਦ ਕਰਨ ਲਈ
ਐਧਰ ਓਧਰ ਹਥ ਪੈਰ ਮਾਰਦੇ।
ਪੋਰ੍ਹਾ ਪੋਰ੍ਹਾ ਕਰਕੇ ਬਣਾਏ ਘਰਾਂ ਦੀ ਰੱਖਿਆ ਲਈ
ਆਪੋ ਆਪਣੇ ਰੱਬ ਨੂੰ ਪਏ ਵਾਜਾਂ ਮਾਰਦੇ।
ਮਹਿਲਾਂ ਦੇ ਦਰਵਾਜੇ ਖਿੜਕੀਆਂ ਬੰਦ ਕਰਾ ਕੇ,
ਹਨ੍ਹੇਰੀ ਦੇ ਅਸਰਾਂ ਤੋਂ ਆਪਣਾਂ ਆਪ ਬਚਾ ਕੇ,
ਸ਼ਾਹੀ ਲਸ਼ਕਰ ਨੂੰ ਸੰਗ ਲੈ ਕੇ
ਇਸ ਖ਼ੂਨੀ ਹਨ੍ਹੇਰੀ ਦੇ ਵਾਰਿਸ
ਉੱਚੇ ਬੁਰਜੀਂ ਸਜ ਧਜ ਬੈਠੇ।

ਪਾਰਦਰਸੀ ਸ਼ੀਸ਼ਿਆਂ ਥਾਣੀ
ਤੀਲ੍ਹਾ ਤੀਲ੍ਹਾ ਹੋ ਕੇ ਉਡਦੀਆਂ ਝੁੱਗੀਆਂ ਗਿਣਦੇ।
ਹਨ੍ਹੇਰੀ ਦੇ ਕਾਰਿਆ ਨੂੰ ਬੇਧੜਕ ਹੋ ਕੇ ਨਿਹਾਰਦੇ।
ਕੂੜ ਦੀ ਅਮਾਵਸ ਵਿਚ
ਸੱਚ ਦਾ ਚੰਦ ਲੁਕਾਂਵਦੇ।
ਸ਼ੈਤਾਨਾਂ ਦੀ ਸੈਨਾ ਦੇ ਬਹਾਦਰ ਖਰੂਦੀਏ
ਹਰਲ ਹਰਲ ਕਰਦੇ
ਕਾਲੀਆਂ ਕਰਤੂਤਾਂ ਵਿਚ ਮਗਨ
ਸੱਚ ਦੇ ਪਿੰਡੇ 'ਤੇ ਲਾਸਾਂ ਪਾਉਂਦੇ
ਝੂਠ ਨੂੰ ਪਲੋਸਦੇ, ਦੁਲਾਰਦੇ, ਪੁਚਕਾਰਦੇ, ਚੁੰਮਦੇ ਚੱਟਦੇ।
ਅੱਗ ਦੇ ਲਾਂਬੂ ਅਧ ਅਸਮਾਨੀ ਪਹੁੰਚਾਉਦੇ
ਕੋਹਾਂ ਤੱਕ ਜ਼ੁਲਮ ਦੇ ਲਿਸਕਾਰੇ ਪਾਉਂਦੇ
ਦੋਸ਼ਾਂ ਦੀ ਇਹ ਕਾਲਖ ਸਾਰੀ
ਨਿਰਦੋਸ਼ਾਂ ਦੇ ਮੱਥੇ ਮੜ੍ਹਦੇ
ਆਪੂੰ ਸੱਚੇ ਸੁੱਚੇ ਬਣਦੇ।
ਦੇਸ਼ ਮੇਰੇ ਦੇ ਪਹਿਰੇਦਾਰ
ਇੰਜ ਆਪਣਾ ਫਰਜ਼ ਨਿਭਾਉਂਦੇ।
ਕੰਮ ਨਿਬੇੜ ਸਭ ਮਹਿਲੀਂ ਜਾਂਦੇ,
ਬਹਾਦਰੀ ਦੇ ਤਮਗਿਆਂ ਨਾਲ ਸਜਦੇ, ਸੰਵਰਦੇ, ਖ਼ੁਸ਼ ਹੁੰਦੇ।

('ਚੇਤਰ ਡੰਗ' ਵਿੱਚੋਂ)

## ਸਿੱਖ ਗੁਰਦੁਆਰਾ ਬਿੱਲ ਬਾਰੇ ਸਪੀਕਰ ਸਰ ਸ਼ਹਾਬੁਦੀਨ ਦੀ ਸਿੱਖਾਂ ਨੂੰ ਚੇਤਾਵਨੀ

ਸੰਨ 1925 ਈ. ਵਿੱਚ ਜਦੋਂ ਸਿੱਖ ਗੁਰਦੁਆਰਾ ਬਿੱਲ ਪੰਜਾਬ ਅਸੈਂਬਲੀ ਵਿੱਚ ਪੇਸ਼ ਹੋਇਆ ਤਾਂ ਸਪੀਕਰ ਸਰ ਸ਼ਹਾਬੁਦੀਨ ਨੇ ਕਿਹਾ, "ਸਰਦਾਰੋ ! ਇਹ ਜੋ ਬਿੱਲ ਪੇਸ਼ ਹੋ ਰਿਹਾ ਹੈ, ਮੈਨੂੰ ਪਤਾ ਹੈ ਕਿ ਪਾਸ ਹੋ ਕੇ ਕਨੂੰਨ ਬਣ ਜਾਵੇਗਾ ਕਿਉਂਕਿ ਇਸ ਨੂੰ ਸਰਕਾਰ ਪੇਸ਼ ਕਰ ਰਹੀ ਹੈ। ਬਤੌਰ ਸਪੀਕਰ ਦੇ ਮੇਰਾ ਇਹ ਫਰਜ ਬਣਦਾ ਹੈ ਕਿ ਮੈਂ ਆਪਣੇ ਵਿਚਾਰ ਪੇਸ਼ ਕਰਾਂ।"

"ਸਰਦਾਰੋ ! ਏਸ ਨੂੰ ਪਾਸ ਕਰ ਕੇ ਤੁਸੀਂ ਆਪਣੇ ਪੈਰਾਂ ਤੇ ਆਪ ਕੁਹਾੜਾ ਮਾਰ ਰਹੇ ਹੋ। ਸਾਰੀ ਜਿੰਦਗੀ ਪਛਤਾਵੋਗੇ, ਰੋਵੋਗੇ। ਤੁਸੀਂ ਆਪਣੀ ਕੌਮ ਨੂੰ ਤਬਾਹੀ ਵੱਲ ਲਿਜਾ ਰਹੇ ਹੋ। ਭਰਾਵੋ ! ਵੋਟਾਂ ਨਾਲ ਤਾਂ ਕੋਈ ਵੀ ਲੁੱਚਾ ਲਫੰਗਾ ਕਾਮਯਾਬ ਹੋ ਸਕਦਾ ਹੈ। ਪਰ ਲੁੱਚਿਆਂ ਲਫੰਗਿਆਂ ਦਾ ਮਸਜਿਦਾਂ, ਮੰਦਰਾਂ, ਗੁਰਦੁਆਰਿਆਂ ਵਿੱਚ ਕੀ ਕੰਮ ? ਇਹੋ ਜੇਹੇ ਲੋਕ ਤਾਂ ਜਿੱਥੇ ਵੀ ਜਾਣਗੇ, ਗਲਤ ਕੰਮ ਹੀ ਕਰਨਗੇ। ਸੋਚ ਸਮਝ ਕੇ ਕਦਮ ਪੁੱਟੋ।"



www.AKJ.Org

# ਸੇਈ ਪਿਆਰੇ ਮੇਲ — ਭਾਈ ਸਾਹਿਬ ਭਾਈ ਦਰਸ਼ਨ ਸਿੰਘ ਜੀ ਦਿੱਲੀ

(ਪ੍ਰਿੰ: ਗੁਰਮੁਖ ਸਿੰਘ)

ਦਿੱਲੀ ਦੇ ਸਿੰਘ ਆਪ ਨੂੰ 'ਦਾਰ ਜੀ' ਕਰਕੇ ਬੁਲਾਉਂਦੇ ਸਨ। ਘਰ ਵਿੱਚ ਬੱਚਿਆਂ ਲਈ ਤਾਂ ਉਹ ਦਾਰ ਜੀ ਸਨ ਹੀ, ਪਰ ਸੰਗਤਾਂ ਭੀ ਆਪ ਨੂੰ ਆਦਰ ਨਾਲ ਦਾਰ ਜੀ ਕਰਕੇ ਬੁਲਾਉਂਦੀਆਂ ਸਨ। ਅਕਤੂਬਰ ੧੯੫੩ ਵਿੱਚ ਜਦੋਂ ਇਹਨਾਂ ਸਤਰਾਂ ਦੇ ਲਿਖਾਰੀ ਨੇ ਦੁਸਹਿਰੇ ਦੇ ਸਮਾਗਮ ਸਮੇਂ ਆਪ ਦੇ ਦਰਸ਼ਨ ਕੀਤੇ, ਮਨ ਉੱਤੇ ਆਪ ਦੀ ਮਿੱਠੀ ਸ਼ਖਸ਼ੀਅਤ ਦਾ ਡੂੰਘਾ ਪ੍ਰਭਾਵ ਲੈ ਕੇ ਮੁੜਿਆ ਸਾਂ। ਇਹੋ ਪ੍ਰਭਾਵ ਅਖੀਰ ਤੱਕ ਮੇਰੇ ਮਨ ਉੱਤੇ ਉਕਰਿਆ ਹੋਇਆ ਹੈ। ਜਦੋਂ ਦਿੱਲੀ ਦੇ ਸਮਾਗਮ ਤੇ ਮਿਲਣਾ ਬੜੇ ਨਿੱਘੇ ਪਿਆਰ ਨਾਲ, ਜਿਸ ਵਿੱਚ ਪਰਿਵਾਰਕ ਅਪਣਤ ਹੁੰਦੀ ਸੀ, ਸੁੱਖ ਸਾਂਦ ਪੁੱਛਦੇ ਸਨ ਅਤੇ ਹਰ ਤਰ੍ਹਾਂ ਦਾ ਸੁਖ ਆਰਾਮ ਦੇਣ ਦਾ ਜਤਨ ਕਰਦੇ ਸਨ।

ਆਪ ਜੀ ਦਾ ਜਨਮ ੧੯੦੭ ਵਿੱਚ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਇਕ ਬੜੇ ਸਾਧਾਰਣ ਪਰਿਵਾਰ ਵਿੱਚ ਹੋਇਆ। ਖਾਲਸਾ ਕਾਲਜ ਗੁਜਰਾਂਵਾਲਾ ਉਸ ਸਮੇਂ ਦਾ ਬੜਾ ਮੰਨਿਆ ਹੋਇਆ ਕਾਲਜ ਸੀ, ਸ਼ਾਇਦ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਦੂਸਰੇ ਨੰਬਰ ਤੇ। ਉਸ ਸਮੇਂ ਇਸ ਵਿਦਿਅਕ ਅਦਾਰੇ ਦੇ ਪ੍ਰਿੰ: ਸੁ: ਤੇਜਾ ਸਿੰਘ ਜੀ ਸੀ ਜੋ ਪਿਛੋਂ ਸੰਤ ਤੇਜਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ। ੧੯੦੮ ਵਿੱਚ ਜਦੋਂ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਆਰੰਭ ਕੀਤੀਆਂ ਤਾਂ ਇਨ੍ਹਾਂ ਹਰ ਕਾਨਫਰੰਸ ਉੱਤੇ ਕਿਤੇ ਨਾ ਕਿਤੇ ਖਾਲਸਾ ਸਕੂਲ ਜ਼ਰੂਰ ਖੋਲ੍ਹਣੇ। ਸੋ ਗੁਜਰਾਂਵਾਲਾ ਭੀ ਸ਼ਾਇਦ ੧੯੦੮ ਵਿੱਚ ਸਕੂਲ ਖੁੱਲ੍ਹ ਗਿਆ ਸੀ। ਇਨ੍ਹਾਂ ਖਾਲਸਾ ਸਕੂਲਾਂ ਵਿੱਚ ਗੁਰਦੁਆਰਾ ਸਾਹਿਬ ਵਿੱਚ ਬੱਚਿਆਂ ਨੂੰ ਰੋਜ਼ਾਨਾਂ ਕੁੱਝ ਸਮੇਂ ਲਈ ਦੀਵਾਨ ਵਿੱਚ ਹਾਜ਼ਰੀ ਭਰਨੀ ਹੁੰਦੀ ਸੀ। ਜਿਹੜੇ ਬਜ਼ੁਰਗ ਪੁਰਾਣੇ ਖਾਲਸਾ ਸਕੂਲਾਂ ਜਾਂ ਕਾਲਜਾਂ ਵਿੱਚ ਪੜ੍ਹਦੇ ਸਨ ਉਹ ਜਾਣਦੇ ਹਨ ਕਿਵੇਂ ਇਨ੍ਹਾਂ ਸਕੂਲਾਂ ਵਿੱਚ ਗੁਰਇਤਿਹਾਸ ਅਤੇ ਗੁਰਬਾਣੀ ਦਾ ਉਪਦੇਸ਼ ਦ੍ਰਿੜ ਕਰਾਕੇ ਦਸਵੀਂ ਪਾਸ ਕਰਨ ਤੋਂ ਪਹਿਲਾਂ ਅੰਮ੍ਰਿਤ ਪਾਨ ਕਰਾ ਦਿੰਦੇ ਸਨ।

ਸੋ ਸਾਡੇ ਦਾਰ ਜੀ ੧੯੨੩-੨੪ ਵਿੱਚ ਜਦੋਂ ਖਾਲਸਾ ਸਕੂਲ ਤੋਂ ਮੈਟ੍ਰਿਕ ਪਾਸ ਕਰਕੇ ਨਿਕਲੇ ਤਾਂ ਆਪ ਅੰਮ੍ਰਿਤਧਾਰੀ ਹੋ ਚੁੱਕੇ ਸਨ। ਘਰ ਦੇ ਹਾਲਾਤ ਸ਼ਾਇਦ ਇਸ ਗੱਲ ਦੀ ਆਗਿਆ ਨਹੀਂ ਸੀ ਦਿੰਦੇ ਕਿ ਉਹ ਕਾਲਜ ਦੀ ਉੱਚ ਸਿਖਿਆ ਪ੍ਰਾਪਤ ਕਰਨ। ਇਸ ਲਈ ਆਪ ਨੇ ਉਨ੍ਹਾਂ ਭਲੇ ਦਿਨਾਂ ਵਿੱਚ ਪੰਜਾਬ ਐਂਡ ਸਿੰਧ ਬੈਂਕ ਵਿੱਚ ਨੌਕਰੀ ਕਰ ਲਈ। ਉਹਨਾਂ ਸਮਿਆਂ ਵਿੱਚ ਦਸ ਜਮਾਤਾਂ ਵੀ ਕੋਈ ਕੋਈ ਪਾਸ ਕਰਦਾ ਸੀ। ਕੁਝ ਸਮਾਂ ਆਪ ਨੇ ਬੈਂਕ ਵਿੱਚ ਕਲੈਰੀਕਲ ਜਾਬ (Job) ਤੇ ਨੌਕਰੀ ਕਰਨ ਉਪਰੰਤ ਆਪ ਨੂੰ ਇਸ ਨਾਲੋਂ ਵਧੇਰੇ ਚੰਗੀ ਨੌਕਰੀ ਮਿਲ ਗਈ। ਆਪ ਗੁਜਰਾਂਵਾਲਾ ਦੇ ਸ਼ੈਸ਼ਨ ਜੱਜ ਦੇ ਸਟੈਨੋ ਲੱਗ ਗਏ। ਉਨ੍ਹੀਂ ਦਿਨੀਂ ਕੇਵਲ ਅੰਗਰੇਜ਼ ਹੀ ਸ਼ੈਸ਼ਨ ਜੱਜ ਹੋਇਆ ਕਰਦੇ ਸਨ। ਇਸ ਪੋਸਟ ਉੱਤੇ ਲੱਗਦਾ ਹੈ ਆਪ ਨੇ ਕਾਫ਼ੀ ਸਮਾਂ ਕਈ ਅੰਗਰੇਜ਼ ਅਫ਼ਸਰਾਂ ਨਾਲ ਕੰਮ ਕੀਤਾ। ਇਸ ਲੰਬੇ ਤਜ਼ਰਬੇ ਨੇ ਅੱਗੋਂ ਚੱਲ ਕੇ ਆਪ ਨੂੰ ਕਿਸੇ ਵੱਡੀ-ਪੋਸਟ ਉੱਤੇ ਲੱਗਣ ਵਿੱਚ ਸਹਾਇਤਾ ਕੀਤੀ। ਇਹਨਾਂ ਉਪਰੋਕਤ ਦੋਵੇਂ ਥਾਵਾਂ ਤੇ ਲੱਗ-ਪੱਗ ੧੬-੧੭ ਸਾਲ ਕੰਮ ਕੀਤਾ।

ਭਾਈ ਸਾਹਿਬ ਇਕ ਸਧਾਰਨ ਵਿਅਕਤੀ ਵਾਂਗ ਵਿਚਰਦੇ ਰਹੇ। ੧੯੨੧ ਤੋਂ ੧੯੨੫ ਤੱਕ ਦਾ ਸਮਾਂ ਸਿੱਖ ਇਤਿਹਾਸ ਦਾ ਬੜਾ ਮਹੱਤਵਪੂਰਨ ਸਮਾਂ ਹੈ ਜਿਸ ਵਿੱਚ ਗੁਰੂ ਸਾਹਿਬਾਨ ਦੇ ਇਤਿਹਾਸਕ ਗੁਰਦੁਆਰੇ ਆਜ਼ਾਦ ਕਰਾਏ ਗਏ। ਅਨੇਕਾਂ ਸਿੰਘਾਂ ਨੂੰ ਜੇਲ ਜਾਣਾ ਪਿਆ, ਅਨੇਕਾਂ ਸ਼ਹੀਦ ਹੋ ਗਏ। ਪਰ ਲਗਦਾ ਭਾਈ ਸਾਹਿਬ ਦੀ ਨੌਕਰੀ ਹੀ ਐਸੀ ਸੀ ਕਿ ਉਹ ਇਹਨਾਂ ਕੌਮੀ ਲਹਿਰਾਂ ਵਿੱਚ ਹਿੱਸਾ ਨਹੀਂ ਲੈ ਸਕੇ, ਪਰ ਅੰਦਰੋਂ ਆਪ ਨੂੰ ਪੰਥਕ ਕਾਰਜਾਂ ਨਾਲ ਪੂਰੀ ਹਮਦਰਦੀ ਸੀ। ੧੯੨੪ ਤੋਂ ੧੯੪੦ ਦੇ ਦਰਮਿਆਨ ਆਪ ਕਲੇਰਾਂਵਾਲੇ ਸੰਤ ਬਾਬਾ ਨੰਦ ਸਿੰਘ ਜੀ ਜਾਂ ਉਹਨਾਂ ਦੇ ਸ਼ਰਧਾਲੂਆਂ ਦੇ ਸੰਪਰਕ ਵਿੱਚ ਆਏ। ਉਹਨਾਂ ਦੀ ਦਰਸਾਈ ਰਹਿਤ ਰਹਿਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਅਰਚਾ ਦੇ ਤੌਰ ਤਰੀਕੇ ਆਪ ਨੇ ਅਪਣਾਏ। ਘਰ ਵਿੱਚ ਹੀ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰ ਲਿਆ। ਗੁਰੂ ਭਗਤੀ ਵਿੱਚ ਆਪ ਜੁੱਟ ਗਏ।

੧੯੩੯ ਵਿੱਚ ਦੂਜਾ ਸੰਸਾਰ ਯੁੱਧ ਆਰੰਭ ਹੋਇਆ। ਉਦੋਂ ਭਾਰਤ ਦੇਸ਼ ਅੰਗਰੇਜਾਂ ਦਾ ਗੁਲਾਮ ਸੀ। ਇਸ ਲਈ ਭਾਰਤ ਨੂੰ ਭੀ ਇਸ ਜੰਗ ਵਿੱਚ ਮੱਲੋ ਮੱਲੀ ਸ਼ਾਮਿਲ ਕੀਤਾ ਗਿਆ। ਸ਼ਿਮਲੇ ਵਿਖੇ ਅੰਗਰੇਜ਼ਾਂ ਨੇ ਇੱਕ ਦਫ਼ਤਰ ੧੯੪੨ ਵਿੱਚ ਖੋਲ੍ਹਿਆ 'ਈਸਟਰਨ ਗਰੁੱਪ ਸਪਲਾਈ ਕੌਂਸਲ।' ਇਥੇ ਭਾਈ ਸਾਹਿਬ ਨੂੰ ਬਤੌਰ



www.AKJ.Org

ਐਸਿਸਟੈਂਟ ਨੌਕਰੀ ਮਿਲ ਗਈ। ਉਨ੍ਹੀਂ ਦਿਨੀਂ ਸ਼ਿਮਲੇ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੇ ਸੰਗੀ ਸਾਥੀਆਂ ਸਮੇਤ ਸ਼ਿਮਲੇ ਵਿਖੇ ਗਰਮੀ ਦੀ ਰੁੱਤੇ ਕੀਰਤਨ ਸਮਾਗਮ ਦੀਆਂ ਹਾਜ਼ਰੀਆਂ ਭਰਦੇ ਹੁੰਦੇ ਸਨ। ਭਾਈ ਸੂਰਤ ਸਿੰਘ ਜੀ (ਪੂਰਨ ਜੀ) ਭੀ ਉਨ੍ਹੀਂ ਦਿਨੀਂ ਉੱਥੇ ਸਨ। ਪੂਰਨ ਜੀ ਨਾਲ ਆਪ ਦਾ ਮੇਲ ਕੁਦਰਤੀ ਘਟਨਾ ਸੀ। ਪੂਰਨ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਪਰਕ ਵਿੱਚ ਸੰਨ ੧੯੩੮ ਵਿੱਚ ਲਾਹੌਰ ਵਿਖੇ ਆ ਚੁੱਕੇ ਸਨ। ਇਸ ਲਈ ਉਨ੍ਹਾਂ ਤੋਂ ਭਾਈ ਸਾਹਿਬ ਦੀ ਸ਼ਖਸੀਅਤ ਦੀ ਜਾਣਕਾਰੀ ਹੋਣ ਦਾ ਅਨੁਮਾਨ ਲੱਗਦਾ ਹੈ। ੧੯੪੨-੪੩ ਵਿੱਚ ਆਪ ਦੀ ਮੁਲਾਕਾਤ ਭਾਈ ਸਾਹਿਬ ਨਾਲ ਹੋਈ। ਇਸ ਮੁਲਾਕਾਤ ਦਾ ਅਸਰ ਇਹ ਹੋਇਆ ਕਿ ਦਾਰ ਜੀ ਉੱਪਰ ਜੋ ਕਲੇਰਾਂ ਵਾਲੇ ਸੰਤਾਂ ਦਾ ਆਮ ਡੇਰੇਦਾਰ ਸੰਤਾਂ ਵਾਲਾ ਪ੍ਰਭਾਵ ਪਿਆ ਹੋਇਆ ਸੀ, ਉਹ ਬਦਲ ਕੇ ਖਾਲਸਈ ਰਹਿਤ ਦਾ ਪ੍ਰਭਾਵ ਪਿਆ। ਆਪ ਨੇ ਪਰਿਵਾਰ ਸਹਿਤ ਨਾਮ ਦ੍ਰਿੜ੍ਹ ਕੀਤਾ। ਬੀਬੀਆਂ ਨੇ ਕੇਸਕੀ ਨੂੰ ਕੇਸਾਂ ਦੀ ਸੰਭਾਲ ਲਈ ਧਾਰਨ ਕੀਤਾ। ਰੰਗੇ ਹੋਏ ਤਾਂ ਉਹ ਪਹਿਲੇ ਵੀ ਸਨ, ਪਰ ਭਾਈ ਸਾਹਿਬ ਦੀ ਸੰਗਤ ਨੇ ਉਸ ਰੰਗ ਨੂੰ ਹੋਰ ਗੂੜ੍ਹਾ ਕੀਤਾ। ਕੀਰਤਨ ਅਖਾੜਿਆਂ ਵਿੱਚ ਆਪ ਨੇ ਖੜਤਾਲਾਂ ਵਜਾਣੀਆਂ ਅਤੇ ਕੀਰਤਨ ਕਰਨ ਵਾਲੇ ਹਰ ਕੀਰਤਨੀਏ ਦੇ ਨਾਲ ਬੋਲ ਕੇ ਸੰਗਤ ਕਰਨੀ। ਇਉਂ ਘੰਟਿਆਂ ਬੱਧੀ ਆਪ ਨੇ ਖੜਤਾਲਾਂ ਵਜਾਉਂਣੀਆਂ ਅਤੇ ਕੀਰਤਨ ਕਰਦੇ ਰਹਿਣਾ। ਰੈਣਿ ਸਬਾਈ ਕੀਰਤਨ ਸਮੇਂ ਤਾਂ ਅਕਸਰ ਆਰੰਭ ਤੋਂ ਅੰਤ ਤੱਕ ਆਪ ਨੇ ਇੱਕ ਚੌਕੜੇ ਨਾਲ ਕੀਰਤਨ ਵਿੱਚ ਭਾਗ ਲੈਣਾ। ਆਮ ਤੌਰ ਤੇ ਜੋੜੀ ਵਾਲੇ ਦੇ ਪਿਛੇ ਕਰੀਮ ਕੇਸਕੀ ਦੀ ਪੱਗ ਵਾਲੀ ਮੂਰਤ ਕੀਰਤਨ ਵਿੱਚ ਝੂਮਦੀ ਦਿਖਾਈ ਦਿੰਦੀ ਸੀ।

ਪੂਰਨ ਜੀ ਦੱਸਦੇ ਹਨ ਕਿ ਉਹ ਆਪ ੧੯੪੩ ਵਿੱਚ ਦਿੱਲੀ ਤਬਦੀਲ ਹੋ ਕੇ ਆ ਗਏ ਸਨ। ਅਗਲੇ ਸਾਲ ੧੯੪੪ ਵਿੱਚ ਦਾਰ ਜੀ ਭੀ ਦਿੱਲੀ ਵਿਖੇ ਭਾਰਤ ਸਰਕਾਰ ਦੇ ਖ਼ੁਰਾਕ ਦੇ ਮਹਿਕਮੇ ਵਿੱਚ ਬਤੌਰ ਅਸਿਸਟੈਂਟ ਆ ਲੱਗੇ। ਇਥੇ ਭਾਈ ਅਜੀਤ ਸਿੰਘ ਜੀ ਨੇ ਇਸ ਕਾਰਜ ਵਿੱਚ ਆਪ ਜੀ ਦੀ ਕਾਫ਼ੀ ਮਦਦ ਕੀਤੀ। ਭਾਈ ਅਜੀਤ ਸਿੰਘ ਜੀ ਆਪ ਵੀ ਕੀਰਤਨ ਕਰਦੇ ਸਨ। ਉਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਗੁੱਝੇ ਪ੍ਰੇਮੀ ਸਨ। ਉਹਨਾਂ ਨੇ ਭਾਈ ਦਰਸ਼ਨ ਸਿੰਘ ਜੀ ਨੂੰ ਪ੍ਰੇਰ ਕੇ ਭਾਈ ਸਾਹਿਬ ਨੂੰ ੧੯੪੪ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਉੱਤੇ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਹਾਜ਼ਰੀ ਭਰਨ ਲਈ ਤਿਆਰ ਕੀਤਾ। ਦਿੱਲੀ ਵਿਖੇ ਇਹ ਅਖੰਡ ਕੀਰਤਨੀ ਜਥੇ ਵਲੋਂ ਪਹਿਲਾ ਸਮਾਗਮ ਸੀ ਜਿਸ ਦਾ ਮੁੱਢ ਭਾਈ ਦਰਸ਼ਨ ਸਿੰਘ 'ਦਾਰ ਜੀ' ਨੇ ਬੰਨ੍ਹਿਆ। ਅੱਜ ਅੱਧ ਸਦੀ ਤੋਂ ਵੱਧ ਸਮਾਂ ਹੋ ਗਿਆ ਹੈ ਕਿ ਦਿੱਲੀ ਵਿਖੇ ਦੁਸਿਹਰੇ ਦੀਆਂ ਛੁੱਟੀਆਂ ਸਮੇਂ ਅਖੰਡ ਕੀਰਤਨ ਦੇ ਸਮਾਗਮ ਹੁੰਦੇ ਆ ਰਹੇ ਹਨ।

੧੯੪੫ ਵਿੱਚ ਦਾਰ ਜੀ ਉੱਤੇ ਸਤਿਗੁਰਾਂ ਦੀ ਹੋਰ ਕ੍ਰਿਪਾ ਹੋਈ। ਅਸਿਸਟੈਂਟ ਰੀਜਨਲ ਫੂਡ ਕਮਿਸ਼ਨਰ ਦੀ ਇੱਕ ਪੋਸਟ ਲਈ ਕਾਫ਼ੀ ਉਮੀਦਵਾਰ ਦਿੱਲੀ ਪੁੱਜੇ ਹੋਏ ਸਨ। ਆਪ ਉਸ ਸਮੇਂ ਇਸੇ ਮਹਿਕਮੇ ਵਿੱਚ ਇੱਕ ਕਲਰਕ ਦੀ ਪੋਸਟ ਤੇ ਕੰਮ ਕਰ ਰਹੇ ਸਨ। ਬਾਕੀ ਦੇ ਉਮੀਦਵਾਰ ਦਾਰ ਜੀ ਨਾਲੋਂ ਕਿਤੇ ਜ਼ਿਆਦਾ ਡਿਗਰੀਆਂ ਪ੍ਰਾਪਤ ਸਨ। ਪੂਰਨ ਜੀ ਨੇ ਇਸ ਮੌਕੇ ਦੀ ਇੱਕ ਬੜੀ ਅਜੀਬ ਗੱਲ ਸੁਣਾਈ। ਦਾਰ ਜੀ ਨੇ ਪੂਰਨ ਜੀ ਨੂੰ ਪੁਛਿਆ, ਕਿ ਦਾੜ੍ਹਾ ਪ੍ਰਕਾਸ਼ ਸੂਰਤ ਵਿੱਚ ਇੰਟਰਵਿਊ ਲਈ ਜਾਵਾਂ ਕਿ ਨਰੜ ਕੇ ਕਿਉਂਕਿ ਭਾਈ ਸਾਹਿਬ ਨਾਲ ੧੯੪੨-੪੩ ਦਾ ਜਦੋਂ ਦਾ ਸੰਪਰਕ ਹੋਇਆ ਸੀ, ਦਾੜ੍ਹਾ ਪ੍ਰਕਾਸ਼ ਸਰੂਪ ਹੀ ਧਾਰ ਲਿਆ ਸੀ। ਪੂਰਨ ਜੀ ਨੇ ਸਲਾਹ ਦਿੱਤੀ ਖਾਲਸਈ ਸਰੂਪ ਵਿੱਚ ਹੀ ਅਰਦਾਸ ਕਰਕੇ ਜਾਉ, ਗੁਰੂ ਆਪ ਸਹਾਈ ਹੋਵੇਗਾ।

ਸੋ ਦਾਰ ਜੀ ਅਰਦਾਸਾ ਸੋਧ ਕੇ ਖਾਲਸਈ ਸਰੂਪ ਵਿੱਚ ਇੰਟਰਵਿਊ ਦੇਣ ਚਲੇ ਗਏ। ਅਗੋਂ ਅੰਗਰੇਜ਼ ਅਫ਼ਸਰ ਆਪ ਦੇ ਬਾਹਰਲੇ ਸਰੂਪ ਨੂੰ ਵੇਖ ਕੇ ਐਸਾ ਪ੍ਰਭਾਵਤ ਹੋਇਆ ਕਿ ਆਪ ਨੂੰ ਕਲਰਕ ਤੋਂ ਅਫ਼ਸਰ ਬਣਾ ਦਿੱਤਾ। ਇਹ ਹੈ ਸਤਿਗੁਰੂ ਜੀ ਦੀ ਜ਼ਾਹਰਾ ਕਲਾ। ਆਪ ੧੯੪੫ ਵਿੱਚ ਅਫ਼ਸਰ ਬਣ ਕੇ ਕਰਾਚੀ (ਪਾਕਿਸਤਾਨ) ਤਬਦੀਲ ਹੋ ਗਏ। ਜਦੋਂ ੧੫ ਅਗਸਤ ੧੯੪੭ ਨੂੰ ਦੇਸ਼ ਦੀ ਵੰਡ ਹੋਈ ਤਾਂ ਆਪ ਫਿਰ ਦਿੱਲੀ ਤਬਦੀਲ ਹੋ ਗਏ। ਫਿਰ ਲਗਾਤਾਰ ਛੇ ਸਾਲ ਦਿੱਲੀ ਟਿਕੇ ਰਹੇ।

ਇੱਥੇ ਆਪ ਟਿਕ ਕੇ ਨਹੀਂ ਬੈਠੇ, ਸਗੋਂ ਭਾਈ ਸਾਹਿਬ ਨਾਲ ਪ੍ਰੋਗਰਾਮ ਬਣਾ ਕੇ ਦੁਸਿਹਰੇ ਦੀਆਂ ਹਫ਼ਤੇ ਭਰ ਦੀਆਂ ਛੁੱਟੀਆਂ ਵਿੱਚ ਦਿੱਲੀ ਲਈ ਸਾਲਾਨਾ ਸਮਾਗਮ ਦੀ ਪ੍ਰਵਾਨਗੀ ਲੈ ਲਈ। ਜਦੋਂ ਦਾਸ ੧੯੫੩ ਦੇ ਦੁਸਿਹਰੇ ਦੇ ਸਮਾਗਮ ਤੇ ਪਹਿਲੀ ਵਾਰ ਅੰਮ੍ਰਿਤ ਪਾਨ ਕਰਨ ਲਈ ਗਿਆ ਸੀ ਤਾਂ



www.AKJ.Org

ਸਮਾਗਮ ਇੱਕ ਹਫ਼ਤੇ ਲਈ ਹੋਇਆ ਕਰਦਾ ਸੀ। ਇਨ੍ਹਾਂ ਛੇ ਸਾਲਾਂ ਵਿੱਚ ਦਿੱਲੀ ਵਿਖੇ ਖਾਸ ਤੌਰ ਤੇ ਅਤੇ ਹੋਰਨੀਂ ਥਾਈਂ ਅਨੇਕਾਂ ਗੁਰੂ ਕੇ ਪਿਆਰੇ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋ ਗਏ। ਦਿੱਲੀ ਵਿਖੇ ਘਰ ਘਰ ਜਾ ਕੇ ਸਿੰਘਾਂ ਨੂੰ ਅਤੇ ਬੀਬੀਆਂ ਨੂੰ ਨਿਮਰਤਾ ਸਹਿਤ ਪ੍ਰੇਰਨ ਦੀ ਸੇਵਾ ਦਾਰ ਜੀ ਨੇ ਨਿਭਾਈ ਅਤੇ ਦਿੱਲੀ ਵਿਖੇ ਅਖੰਡ ਕੀਰਤਨੀ ਜਥਾ ਤਿਆਰ ਕੀਤਾ।

ਇਥੇ ਮਾਸਟਰ ਹਰਬੰਸ ਸਿੰਘ, ਭਾਈ ਅਵਤਾਰ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ ਦਿਲਰੁੱਬਾ ਅਤੇ ਅਨੇਕਾਂ ਹੋਰ ਚੜ੍ਹਦੀਆਂ ਕਲਾ ਵਾਲੇ ਸਿੰਘ ਤਿਆਰ ਹੋਏ। ਦਾਰ ਜੀ ਅਤੇ ਕੁੱਝ ਨੇੜਲੇ ਤਿੰਨ ਚਾਰ ਸੰਗੀ ਸਾਥੀ ਗੁਪਤੋ ਗੁਪਤੀ ਆਪਣੇ ਘਰਾਂ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਰੱਖ ਲੈਂਦੇ ਅਤੇ ਆਪੇ ਰੌਲਾਂ ਦੇ ਕੇ ਰਸ ਮਾਣਦੇ ਹੁੰਦੇ। ਇਉਂ ਇਹ ਸਿੰਘ ਬਾਣੀ ਨਾਲ ਹਰ ਸਮੇਂ ਸਰਸ਼ਾਰ ਰਹਿੰਦੇ ਸਨ। ਕੀਰਤਨ ਕਰਨ ਸਮੇਂ ਜਾਂ ਕੀਰਤਨ ਸੁਣਨ ਸਮੇਂ ਇਨ੍ਹਾਂ ਚੰਦ ਇੱਕ ਸਿੰਘਾਂ ਦੀ ਮਸਤੀ ਲੁਕਾਇਆਂ ਨਹੀਂ ਸੀ ਲੁਕਦੀ। ਤੇ ਨਿਮਰਤਾ ਤਾਂ ਦਾਰ ਜੀ ਵਿਚ ਅਤਿ ਦਰਜੇ ਦੀ ਸੀ। ਚਿਹਰਾ ਹਸੂੰ ਹਸੂੰ ਕਰਦਾ, ਸਦਾ ਖਿੜਿਆ ਖਿੜਿਆ ਹੁੰਦਾ, ਮਿੱਠੇ ਮਿੱਠੇ ਬਚਨ ਕਰਦੇ ਵੇਖੀਦੇ ਸਨ। ਕਦੀ ਗੁੱਸੇ ਹੁੰਦੇ ਨਹੀਂ ਵੇਖੇ। ਦਿੱਲੀ ਵਿੱਚ ਜਿਤਨੀਆਂ ਕੀਰਤਨ ਕਰਨ ਵਾਲੀਆਂ ਬੀਬੀਆਂ ੧੯੪੭ ਤੋਂ ੧੯੫੩ ਤੱਕ ਤਿਆਰ ਹੋਈਆਂ, ਇਹ ਦਾਰ ਜੀ ਦੀ ਪ੍ਰੇਰਨਾ ਦਾ ਸਦਕਾ ਹੀ ਸੀ।

ਭਾਈ ਸਾਹਿਬ ਅਤੇ ਉਨ੍ਹਾਂ ਦੇ ਨਾਲ ਆਈ ਸਮੁੱਚੀ ਸੰਗਤ ਦਾ ਉਤਾਰਾ ਦਾਰ ਜੀ ਦੇ ਦੇਵ ਨਗਰ (ਕਰੋਲ ਬਾਗ) ਸਥਿਤ ਗ੍ਰਹਿ ਵਿਖੇ ਹੁੰਦਾ ਸੀ। ੧੯੫੩ ਤੋਂ ਬਾਅਦ ਆਪ ਜੀ ਦਾ ਤਬਾਦਲਾ ਬੰਬਈ ਹੋ ਗਿਆ। ੧੯੫੬ ਵਿੱਚ ਆਪ ਨੂੰ ਭਾਰਤੀ ਦੂਤਾਵਾਸ ਬ੍ਰਹਮਾ ਵਿਖੇ ਫੂਡ-ਅਟੈਚੀ ਦੇ ਤੌਰ ਤੇ ਭੇਜਿਆ ਗਿਆ ਜਿਥੇ ਸੰਗਤ ਤੋਂ ਵਿਛੜਿਆ ਮਹਿਸੂਸ ਕਰਦੇ ਹੋਏ ਆਪ ਛੇਤੀ ਹੀ ੧੯੫੯ ਵਿੱਚ ਦਿੱਲੀ ਮੁੜ ਆਏ। ੧੯੫੯ ਤੋਂ ੧੯੬੫ ਵਿੱਚ ਰਿਟਾਇਰ ਹੋਣ ਤੱਕ ਆਪ ਦਿੱਲੀ ਹੀ ਰਹੇ। ਆਪਣੀ ੧੯੪੫ ਤੋਂ ੧੯੬੫ ਤੱਕ ਦੀ ਵੀਹ ਸਾਲ ਦੀ ਨੌਕਰੀ ਦੌਰਾਨ, ਆਪ ਜਾਇੰਟ ਡਾਇਰੈਕਟਰ ਫੂਡ ਰੀਟਾਇਰ ਹੋਏ। ਇਸ ਵੀਹ ਸਾਲ ਦੇ ਸਮੇਂ ਦੌਰਾਨ ਆਪ ਨੇ ਅਨੇਕਾਂ ਲੋੜਵੰਦ ਪ੍ਰਾਣੀਆਂ ਨੂੰ ਸਰਕਾਰੀ ਨੌਕਰੀ ਵਿੱਚ ਲਗਵਾਇਆ ਅਤੇ ਅੰਮ੍ਰਿਤ ਪਾਨ ਕਰਨ ਲਈ ਪ੍ਰੇਰਿਆ।

ਆਪ ੮੮ ਸਾਲ ਦੀ ਇਸ ਸੰਸਾਰ ਯਾਤਰਾ ਨੂੰ ਗੁਰੂ ਗੁਰੂ ਜਪ ਕੇ ਸਫ਼ਲ ਕੀਤਾ। ਅੰਤ ੧੬ ਜੂਨ ਸੰਨ ੧੯੯੫ ਨੂੰ ਇਲਾਹੀ ਸਦੜੇ ਆਏ ਅਤੇ ਆਪ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ccccc

## ਸਿੱਖ ਦੀ ਪ੍ਰੀਭਾਸ਼ਾ

(ਭਾਈ ਕੌਰ ਸਿੰਘ, ਅੰਮ੍ਰਿਤਸਰ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ 'ਸਿੱਖ ਰਹਿਤ ਮਰਯਾਦਾ' ਵਿੱਚ ਸਿੱਖ ਦੀ ਤਾਰੀਫ (ਪ੍ਰੀਭਾਸ਼ਾ) ਇਉਂ ਲਿਖੀ ਹੋਈ ਹੈ-

"ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

ਅੰਮ੍ਰਿਤ ਤੇ ਨਿਸ਼ਚਾ ਰੱਖਣ ਵਾਲਾ ਤਾਂ ਸਿੱਖ ਹੋਇਆ, ਅੰਮ੍ਰਿਤ ਛੱਕਣ ਵਾਲਾ ਕੌਣ ਹੋਇਆ ? ਸਿੱਖ ਦੀ ਪ੍ਰੀਭਾਸ਼ਾ ਇਕੋ ਕਰਾਂਗੇ ਜਾਂ ਦੋ ?

ਅੰਮ੍ਰਿਤ ਤੇ ਨਿਸ਼ਚਾ ਰੱਖਣ ਵਾਲਾ ਭੀ ਸਿੱਖ, ਅੰਮ੍ਰਿਤ ਛੱਕਣ ਵਾਲਾ ਭੀ ਸਿੱਖ, ਗੁਰੂ ਹੁਕਮ ਤਾਂ ਇਹ ਹੈ-

**'ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ।'**

ਸਕੂਲ ਵਿੱਚ ਦਾਖਲ ਭੀ ਵਿਦਿਆਰਥੀ ਤੇ ਸਕੂਲ ਨਿਸਚਾ ਰੱਖਣ ਵਾਲਾ ਵੀ ਵਿਦਿਆਰਥੀ, ਕੀ ਇਨ੍ਹਾ ਵਿੱਚ ਕੋਈ ਅੰਤਰ ਨਹੀਂ ?

ਕੇਵਲ ਨਿਸਚਾ ਰੱਖਣ ਵਾਲੇ ਤਾਂ ਲੱਖਾਂ ਹੀ ਹੋ ਸਕਦੇ ਹਨ, ਜਿੰਨਾਂ ਚਿਰ ਉਹ ਸਕੂਲ ਵਿੱਚ ਦਾਖਲ ਨਾ ਹੋਣ, ਉੱਨਾਂ ਚਿਰ ਉਹ ਉਸ ਸਕੂਲ ਦੇ ਵਿਦਿਆਰਥੀ ਕਿਵੇਂ ਕਹਾ ਸਕਦੇ ਹਨ ? ਇਉਂ ਹੀ ਗੁਰੂ ਦੇ ਅੰਮ੍ਰਿਤ ਤੇ ਨਿਸ਼ਚਾ ਰੱਖਣ ਵਾਲੇ ਤਾਂ ਲੱਖਾਂ ਹੀ ਹੋ ਸਕਦੇ ਹਨ, ਜਿੰਨਾਂ ਚਿਰ ਉਹ ਅੰਮ੍ਰਿਤ ਨਹੀਂ ਛੱਕ ਲੈਂਦੇ, ਉਹ ਸਿੱਖ ਕਿਵੇਂ ਹੋਏ ? ਜੇਕਰ ਉਪਰਲੀ ਪ੍ਰੀਭਾਸ਼ਾ ਅਨੁਸਾਰ ਅੰਮ੍ਰਿਤ ਤੇ ਨਿਸਚਾ ਰੱਖਣ ਵਾਲੇ ਸਾਰੇ ਸਿੱਖ ਹੀ ਹਨ ਤਾਂ ਫਿਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਇਹ ਪਰਚਾਰ ਕਿਉਂ ਕਰ ਰਹੀ ਹੈ ਕਿ ੧੯੯੯ ਤੱਕ ਸਾਰੀ ਕੌਮ ਅੰਮ੍ਰਿਤਧਾਰੀ ਹੋ ਕੇ ਸਿੱਖ ਬਣ ਜਾਵੇ ?



www.AKJ.Org

# SMAGAM

(S. Jaspinder Singh, Canada)

A `Smagam' in sikh porlance is a religious get together for charging spiritual batteries of the participating devotees . While a sikh partakes the spiritual food as much as food for body, a smagam is a gala party for a spiritual feast.

The brotherhood of the Tress Knots of Guru Gobind Singh , as the knights of Honour,dedicated to the life of Nam and Simran, get together for a concentrated dose of Divine music.Gurbani in the poetic form is set to various musical melodies and modes. Music helps to absorb the meaning of gurbani and makes the process enjoyable rather than tiring.God realization demands His memory through Nam breath by breath. Gurbani is both simiran as also the catalytic agent to activate the individual mind.

Like a lighted lamp attracting moths, such occasions have a wild appeal for the sikhs. In Punjab smagams have been alloted to various cities to coincide with public holidays and Gurpurbs. Ludhiana smagam, coinciding with Birth Anniversery gurpurb of Guru Gobind Singh, is probably the most well attended international gathering.Starting from Toronoto, such smagams have become popular in whole of North America at places like Vancouver, Detroit, Chicago, Boston, New Jersy, California, New york etc.

Sikhism as a whole religion caters for all the social, political and religious needs of sikhs. It contains the whole truth and lays down guide line for complete quality and justice without any discrimination whatsoever in the best interests of human society at large. That is why sikhism is fit to be the world religion to usher in an era of peace, free of exploitation of man by man. While recognizing this need of the world, eminent scholars the world-over have commented on the failure of the sikhs to present their religion with all its universal aspects as a gift Divine to the humanity.The need on part is not only to expound the religious truth of Sri Guru Granth Sahib in the light of the lives of Sikh gurus, but also for the sikhs to be living models of their faith.

In a smagam, there is provision of bathing the souls in the Elixir of Nam, to admit new seekers, redemption and rededication for those, who may have strayed away from the sikh way of life and allow the desiring couples to start their married life in such a blissful atmosphere. The joint prayer of the holy congregation lends a powerful and auspicious start to the new life of service and God realizition of the couples. Can there be a better way to celebrate and experience happiness ? The conventional way of marriage celebration not only wrecks the concerned families financially, but also often creates more enemies than friends.

The Gursikhs live from smagam to smagam intoxicated with Nam and attend the smagams far and near with yearnings of the rain bird to quench the thrist with concentrate dose of congregational Nam Simran.

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੁਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥
(ਅਨੰਦੁ ਸਾਹਿਬ)

Hear thou, O, blessed ones, the song of Bliss, where by all thy wishes shall be fulfilled ! I have realized the presence of lord and all my afflictions are banished. All the Ailments, Sorrows and Troubles are gone by hearing The True Divine Word. The holy ones are ever happy by acquiring Guru's wisdom. Holy are those, who sing the Divine Word and holier are those, who listen, with Nam in mind. Sat Guru is ever so full with bliss. Prays Nanak, by living in the wisdom of Guru, one hears the Ethereal Music, so enchanting and blissful ! -40 (Anand Sahib)

GGGGG



www.AKJ.Org

# ਦਵਾਈ ਤੇ ਪ੍ਰਹੇਜ ਦੋਵੇਂ ਜ਼ਰੂਰੀ

(ਭਾਈ ਸੇਵਾ ਸਿੰਘ ਜੀ, ਰਾਮਪੁਰ ਖੇੜਾ)

ਸੰਨ ੧੯੮੧ ਈ. ਵਿੱਚ ਇੰਗਲੈਂਡ ਦੀ ਯਾਤਰਾ ਦੌਰਾਨ ਬਾਬਾ ਹਰਨਾਮ ਸਿੰਘ ਜੀ ਹੀਥਰੋ ਹਵਾਈ ਅੱਡੇ ਦੇ ਨਜ਼ਦੀਕ ਹੰਸਲੋ ਵਿਖੇ ਸ. ਸੁਰਜੀਤ ਸਿੰਘ ਹੁਰਾਂ ਦੇ ਘਰ ਠਹਿਰੇ। ਸ਼ਾਮ ਦੇ ਸਮੇਂ ਪ੍ਰੇਮੀ ਸੱਜਨ ਸ. ਸੁਰਜੀਤ ਸਿੰਘ ਦੇ ਘਰ ਆਏ ਮਿਲੇ। ਸੋਦਰੁ ਦੀ ਹਾਜ਼ਰੀ ਭਰਨ ਉਪਰੰਤ ਬਾਬਾ ਜੀ ਨੇ ਸੰਗਤਾਂ ਨਾਲ ਗੁਰਮਤਿ ਵੀਚਾਰਾਂ ਸਾਝੀਆਂ ਕੀਤੀਆਂ। ਸੰਗਤਾਂ ਨੂੰ ਗੁਰਬਾਣੀ ਦੀ ਮਹਾਨਤਾ ਤੋਂ ਜਾਣੂ ਕਰਵਾਇਆ ਕਿ ਸਤਿਗੁਰੂ ਜੀ ਨੇ ਸਾਡੇ ਉੱਤੇ ਬਹੁਤ ਮਹਾਨ ਬਖ਼ਸ਼ਿਸ਼ ਕੀਤੀ ਹੈ। ਗੁਰਬਾਣੀ ਵਿੱਚ ਪ੍ਰਭੂ ਪ੍ਰਾਪਤੀ ਦਾ ਬਹੁਤ ਸੌਖਾ-ਸੁਖੇਨ ਰਸਤਾ ਸਤਿਗੁਰਾਂ ਨੇ ਸਾਨੂੰ ਦੱਸਿਆ ਹੈ। ਆਪਾਂ ਨੂੰ ਗੁਰਬਾਣੀ ਪੜ੍ਹਨੀ ਚਾਹੀਦੀ ਹੈ। ਜਿਥੇ ਗੁਰਬਾਣੀ ਨੂੰ ਪੜ੍ਹਨਾ ਹੈ, ਉੱਥੇ ਗੁਰਬਾਣੀ ਵਿੱਚ ਜੋ ਗੁਰੂ ਪਾਤਸ਼ਾਹ ਜੀ ਨੇ ਸਿੱਖਿਆ ਦਿਤੀ ਹੈ ਉਸ ਨੂੰ ਵੀ ਧਿਆਨ ਨਾਲ ਸੁਣਨਾ ਚਾਹੀਦਾ ਹੈ। ਧਿਆਨ ਨਾਲ ਸੁਣਨ ਨਾਲ ਸਾਨੂੰ ਪਤਾ ਲੱਗੇਗਾ ਕਿ ਸਤਿਗੁਰੂ ਜੀ ਸਾਨੂੰ ਕੀ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ, ਕਿਹੜੇ ਮਾੜੇ ਕਰਮਾਂ ਨੂੰ ਤਿਆਗਣ ਲਈ ਪ੍ਰੇਰਨਾ ਦਿੰਦੇ ਹਨ ਤੇ ਕਿਹੜੇ ਸ਼ੁੱਭ ਕਰਮਾਂ ਨੂੰ ਕਰਨ ਵਾਸਤੇ ਹੁਕਮ ਕਰਦੇ ਹਨ। ਜੇ ਆਪਾਂ ਸੁਣਾਂਗੇ ਨਹੀਂ ਤਾਂ ਬਹੁਤਾ ਲਾਹਾ ਪ੍ਰਾਪਤ ਨਹੀਂ ਹੋਵੇਗਾ। ਉਪਦੇਸ਼ ਜੋ ਗੁਰਬਾਣੀ ਵਿੱਚ ਸਤਿਗੁਰਾਂ ਨੇ ਸਾਨੂੰ ਦਿੱਤਾ ਹੈ ਉਸਨੂੰ ਪੜ੍ਹ ਸੁਣ ਕੇ ਉਸ ਦਿੱਤੇ ਉਪਦੇਸ਼ ਅਨੁਸਾਰ ਜੀਵਨ ਬਣਾਵਾਂਗੇ ਤਦ ਸਤਿਗੁਰੂ ਜੀ ਦੀ ਪ੍ਰਸੰਨਤਾ ਹੋਵੇਗੀ ਤੇ ਆਪਾਂ ਆਪਣੀ ਮੰਜ਼ਿਲ ਤੇ ਪੁੱਜ ਸਕਾਂਗੇ। ਗੁਰਬਾਣੀ ਨੂੰ ਸੁਣਨ ਨਾਲ ਹੀ ਆਪਾਂ ਨੂੰ ਸੋਝੀ ਪ੍ਰਾਪਤ ਹੋਵੇਗੀ ਕਿ ਗੁਰੂ ਹੁਕਮ ਕੀ ਹਨ ? ਸੋ ਗੁਰਬਾਣੀ ਦਾ ਸੁਣਨਾ ਅਵੱਸ਼ ਲਾਜ਼ਮੀ ਹੈ। ਜੋ ਸੁਣ ਕੇ ਮੰਨ ਲੈਂਦਾ ਹੈ, ਸਤਿਗੁਰੂ ਜੀ ਤਾਂ ਉਸ ਪ੍ਰਤੀ ਹੁਕਮ ਕਰਦੇ ਹਨ ਕਿ :

**ਮੰਨੇ ਕੀ ਗਤਿ ਕਹੀ ਨ ਜਾਇ।।** (ਜਪੁ ਜੀ ਸਾਹਿਬ)
**ਸੁਣਿਆ ਮੰਨਿਆ ਮਨ ਕੀਤਾ ਭਾਉ।।**
**ਅੰਤਰਗਤਿ ਤੀਰਥਿ ਮਲਿ ਨਾਉ।।** (ਜਪੁ ਜੀ ਸਾਹਿਬ)

ਇਸੇ ਲਈ ਹੀ ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਨਿਤਨੇਮ ਦੀ ਗੁਰਬਾਣੀ ਪੜ੍ਹਨ ਦਾ ਹੁਕਮ ਦਿੱਤਾ ਹੈ।

ਗੁਰਬਾਣੀ ਦਾ ਹਰ ਰੋਜ਼ ਪਾਠ ਕਰਨ ਤੇ ਸੁਣਨ ਨਾਲ ਸਾਡੇ ਅੰਦਰੋਂ ਸੂਖਸ਼ਮ ਪਾਪ ਸੰਸਕਾਰਾਂ ਦੀ ਮੈਲ ਲਹਿਣੀ ਸ਼ੁਰੂ ਹੋ ਜਾਂਦੀ ਹੈ।

**ਗੁਰਬਾਣੀ ਸੁਣਿ ਮੈਲੁ ਗਵਾਏ।।**
**ਸਹਜੇ ਹਰਿ ਨਾਮੁ ਮੰਨਿ ਵਸਾਏ।।੧।।ਰਹਾਉ।।**
(ਧਨਾਸਰੀ ਮ. ੩, ਪੰਨਾ ੬੬੫)

**ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ**
**ਮਨੁ ਭੀਨਾ ਨਿਜ ਘਰਿ ਆਵੈਗੋ।।**
(ਕਾਨੜਾ ਮ. ੪, ਪੰਨਾ ੧੩੦੮)

ਸਮਾਂ ਪਾ ਕੇ ਆਤਮਾ ਪਵਿੱਤਰ ਹੋ ਜਾਂਦੀ ਹੈ ਤੇ ਹਿਰਦੇ ਵਿੱਚ ਨਾਮ ਦਾ ਵਸਣਾ ਸ਼ੁਰੂ ਹੋ ਜਾਂਦਾ ਹੈ। ਭਟਕਦਾ ਹੋਇਆ ਮਨ ਨਾਮ ਰਸ ਵਿੱਚ ਭਿੱਜ ਕੇ ਆਪਣੇ ਅਸਲੀ (ਨਿੱਜ) ਘਰ ਵਿੱਚ ਆ ਜਾਂਦਾ ਹੈ ਤੇ ਇਸ ਜੀਵ-ਆਤਮਾ ਦਾ ਕਾਰਜ ਸੌਰ ਜਾਂਦਾ ਹੈ। ਦੂਸਰੇ ਗੁਰਬਾਣੀ ਦਾ ਪਾਠ ਕਰਨ ਨਾਲ ਸਾਨੂੰ ਨਿੱਤ ਨਵੇਂ ਸਤਿਗੁਰੂ ਜੀ ਦੀ ਅਗਵਾਈ ਪ੍ਰਾਪਤ ਹੁੰਦੀ ਹੈ। ਜਿੱਥੇ ਗੁਰਬਾਣੀ ਦੇ ਲੜ ਲੱਗਿਆਂ ਪ੍ਰਮੇਸ਼ਰ ਪ੍ਰਾਪਤੀ ਦਾ ਪੰਧ ਨੇੜੇ ਹੁੰਦਾ ਹੈ ਉਥੇ ਮਨ ਨੂੰ ਵੀ ਸਦੀਵੀ ਸ਼ਾਂਤੀ ਮਿਲਦੀ ਹੈ।

ਦੁਨਿਆਵੀ ਕੰਮਾਂ ਕਾਰਾਂ ਵਿੱਚ ਵੀ ਅਨੇਕ ਪ੍ਰਕਾਰ ਦੇ ਵਿਘਨਾਂ ਦਾ ਨਾਸ ਹੁੰਦਾ ਹੈ। ਜਿੱਥੇ ਗੁਰਬਾਣੀ ਪੜ੍ਹੀ ਜਾਵੇ ਉੱਥੇ ਕੋਈ ਜੰਤਰ ਮੰਤਰ, ਟੂਣਾ ਜਾਂ ਕੋਈ ਭੈੜੀ ਆਤਮਾ ਵੀ ਅਸਰ ਨਹੀਂ ਕਰ ਸਕਦੀ। ਗੁਰਬਾਣੀ ਸਾਡੇ ਲੋਕ-ਪ੍ਰਲੋਕ ਸੰਵਾਰਦੀ ਹੈ। ਜੋ ਗੁਰਬਾਣੀ ਪੜ੍ਹਦੇ ਹਨ ਉਹ ਧੰਨਤਾ ਦੇ ਯੋਗ ਹਨ। ਜੋ ਅਜੇ ਗੁਰਬਾਣੀ ਤੋਂ ਵਾਂਝੇ ਹਨ ਉਹਨਾਂ ਨੂੰ ਜ਼ਰੂਰ ਗੁਰਬਾਣੀ ਦਾ ਪਾਠ ਕਰਨਾ ਚਾਹੀਦਾ ਹੈ।

ਗੁਰਮਤਿ ਵੀਚਾਰਾਂ ਸਮਾਪਤ ਹੋਣ ਉਪਰੰਤ ਸੰਗਤਾ ਵਿਦਾ ਹੋ ਗਈਆਂ ਪਰ ਇੱਕ ਮਾਤਾ ਜਿਸ ਦਾ ਨਾਮ ਹਰਨਾਮ ਕੌਰ ਸੀ ਠਹਿਰ ਗਈ ਤੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਆਪ ਜੀ ਨੇ ਕਾਫ਼ੀ ਸਮਾਂ ਗੁਰਬਾਣੀ ਦੀ ਮਹਾਨਤਾ ਦੱਸਣ ਤੇ ਲਗਾਇਆ ਹੈ। ਮੈਂ ਵੀ ਹਰ ਰੋਜ਼ ਪਾਠ ਕਰਦੀ ਹਾਂ ਅਤੇ ਗੁਰੂ ਮਹਾਰਾਜ ਜੀ ਦਾ ਅਖੰਡ ਪਾਠ ਵੀ ਕਰ ਲੈਂਦੀ ਹਾਂ। ਕਿਸੇ ਪ੍ਰੇਮੀ ਦੇ ਘਰ ਅਖੰਡਪਾਠ ਹੋਵੇ ਤਾਂ ਬਿਨਾਂ ਭੇਟ ਲਏ ਤੋਂ ਮਹਾਰਾਜ ਜੀ ਦੀ ਬਾਣੀ ਦੀਆਂ ਰੌਲਾਂ ਵੀ ਲਾਉਂਦੀ ਹਾਂ। ਸਾਡੇ ਘਰ ਵਿਚ ਬਹੁਤ ਵੱਡੀ ਪ੍ਰੇਸ਼ਾਨੀ ਹੈ ਜਿਸ ਤੋਂ ਅਸੀਂ ਸਾਰਾ ਪਰਿਵਾਰ ਬਹੁਤ ਦੁੱਖੀ ਹਾਂ। ਬਾਬਾ ਜੀ ਨੇ ਬੀਬੀ ਨੂੰ ਪੁੱਛਿਆ ਕਿ ਕੀ ਪ੍ਰੇਸ਼ਾਨੀ ਹੈ? ਗੁਰਬਾਣੀ ਪੜ੍ਹਨ ਸੁਣਨ ਵਾਲੇ ਦੀਆਂ ਤਾਂ ਪ੍ਰੇਸ਼ਾਨੀਆਂ ਹਟਣੀਆਂ ਚਾਹੀਦੀਆਂ ਹਨ। ਮਾਤਾ ਹਰਨਾਮ ਕੌਰ ਨੇ ਆਖਿਆ ਕਿ ਸਾਡੇ ਘਰ ਵਿਚ ਜੋ ਵੀ ਨਵਾਂ ਕਪੜਾ ਲਿਆਈਦਾ ਹੈ ਉਹ ਜਾਂ ਤਾਂ ਕੱਟਿਆ ਹੁੰਦਾ ਹੈ ਜਾਂ ਉਸ



www.AKJ.Org

ਵਿਚ ਜਿਵੇਂ ਅੱਗ ਦਾ ਸੇਕ ਲੱਗਣ ਨਾਲ ਛੇਕ ਹੁੰਦੇ ਹਨ, ਇਸ ਤਰ੍ਹਾਂ ਹੋ ਜਾਂਦੇ ਹਨ। ਕਈ ਵਾਰੀ ਤਾਂ ਬੱਚਿਆਂ ਦੇ ਪਾਉਣ ਵਾਲੇ ਕਪੜੇ ਵੀ ਨਹੀਂ ਬਚਦੇ। ਸਾਰੇ ਘਰ ਵਿਚ ਬਹੁਤ ਜ਼ਿਆਦਾ ਸਹਿਮ ਬਣਿਆ ਹੋਇਆ ਹੈ ਤੇ ਕਾਫ਼ੀ ਨੁਕਸਾਨ ਹੋ ਰਿਹਾ ਹੈ ਜਿਸ ਕਾਰਨ ਅਸੀਂ ਸਾਰੇ ਪ੍ਰੇਸ਼ਾਨ ਹਾਂ। ਬਾਬਾ ਜੀ ਕਹਿਣ ਲੱਗੇ, ਬੀਬੀ ਜੀ ਜਿਸ ਤਰ੍ਹਾਂ ਤੁਸੀਂ ਦੱਸਦੇ ਹੋ ਕਿ ਤੁਸੀਂ ਨਿਤਨੇਮ ਵੀ ਕਰਦੇ ਹੋ ਤੇ ਹੋਰ ਬਾਣੀ ਵੀ ਪੜ੍ਹਦੇ ਹੋ। ਜਿਸ ਘਰ ਵਿਚ ਬਾਣੀ ਦਾ ਨਿਤਨੇਮ ਹੁੰਦਾ ਹੋਵੇ ਉਥੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਣੀ ਚਾਹੀਦੀ। ਮਾਤਾ ਜੀ ਕਹਿਣ ਲੱਗੀ, ਬਾਬਾ ਜੀ ਮੈਂ ਤਾਂ ਇਕ ਦੋ ਗੁਰਮੁਖਾਂ ਦੇ ਕਹਿਣ ਤੇ ਘਰ ਵਿਚ ਸ੍ਰੀ ਅਖੰਡ ਪਾਠ ਵੀ ਕਰਵਾਏ ਹਨ ਪਰ ਫ਼ਰਕ ਕੁਝ ਨਹੀਂ ਪਿਆ। ਬਾਬਾ ਜੀ ਮਾਤਾ ਦੀ ਗੱਲ ਸੁਣਕੇ ਸੋਚੀਂ ਪੈ ਗਏ ਤੇ ਕੁਝ ਦੇਰ ਚੁੱਪ ਰਹਿਣ ਉਪਰੰਤ ਬੋਲੇ, ਮਾਤਾ ਕੋਈ ਕਸਰ ਹੈ। ਜਿਥੇ ਗੁਰਬਾਣੀ ਦਾ ਪਾਠ ਹੋ ਜਾਵੇ ਉਥੇ ਇਸ ਤਰ੍ਹਾਂ ਦੀਆਂ ਭੈੜੀਆਂ ਰੂਹਾਂ ਦਾ ਅਸਰ ਨਹੀਂ ਹੋ ਸਕਦਾ। ਮਾਤਾ ਕਹਿਣ ਲਗੀ ਕਿ ਸਾਰਾ ਕੁਝ ਕਰਨ ਦੇ ਬਾਅਦ ਵੀ ਇਹ ਕੁਝ ਹੋ ਰਿਹਾ ਹੈ।

ਬਾਬਾ ਜੀ ਥੋੜ੍ਹੀ ਦੇਰ ਚੁੱਪ ਰਹਿ ਕੇ ਬੋਲੇ, ਮਾਤਾ ਤੇਰੇ ਘਰ ਵਿਚ ਤੇਰੇ ਬੱਚੇ ਮਾਸ-ਸ਼ਰਾਬ ਤਾਂ ਨਹੀਂ ਵਰਤਦੇ ? ਮਾਤਾ ਕਹਿਣ ਲੱਗੀ ਕਿ ਬੱਚੇ ਸ਼ਰਾਬ ਵੀ ਪੀਂਦੇ ਹਨ ਅਤੇ ਮਾਸ ਵੀ ਖਾਂਦੇ ਹਨ ਜਿਸ ਕਰਕੇ ਘਰ ਵਿਚ ਹੀ ਮਾਸ ਆਮ ਬਣਦਾ ਹੈ ਪਰ ਮੈਂ ਨਹੀਂ ਵਰਤਦੀ। ਆਪ ਜੀ ਨੇ ਮਾਤਾ ਨੂੰ ਉੱਤਰ ਦਿੱਤਾ ਕਿ ਇਹ ਹੀ ਊਣਤਾ ਹੈ । ਜੇ ਤੇਰੇ ਬੱਚੇ ਤੇ ਪਰਿਵਾਰ ਇਸ ਕਲੇਸ਼ ਤੋਂ ਛੁੱਟਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਕਹਿ ਦੇਣਾ ਕਿ ਮਾਸ ਸ਼ਰਾਬ ਦਾ ਤਿਆਗ ਕਰ ਦੇਣ ਤੇ ਘਰ ਵਿਚ ਇਹਨਾਂ ਚੀਜਾਂ ਦਾ ਪ੍ਰਵੇਸ਼ ਤੱਕ ਨਹੀਂ ਕਰਨਾ। ਜੇ ਇਸ ਗੱਲ ਨੂੰ ਉਹ ਮੰਨਦੇ ਹੋਣ ਤਾਂ ਕੱਲ੍ਹ ਨੂੰ ਆ ਕੇ ਦੱਸ ਦੇਵੀਂ। ਮੈਂ ਤਿੰਨ ਚਾਰ ਦਿਨ ਇਥੇ ਹੀ ਰਹਿਣਾ ਹੈ ਪਰ ਬੀਬੀ ਇੰਝ ਨਾ ਹੋਵੇ ਕਿ ਦੋ ਤਿੰਨ ਦਿਨ ਲਈ ਤੇਰੇ ਬੱਚੇ ਡਰਦੇ ਮਾਰੇ ਤਿਆਗ ਕਰ ਦੇਣ ਤੇ ਫਿਰ ਉਸੇ ਰਸਤੇ ਨੂੰ ਫੜ ਲੈਣ ਜਾਂ ਘਰ ਨਾ ਰੱਖਣ ਦੀ ਬਜਾਏ ਬਾਹਰੋਂ ਪੀ ਕੇ ਤੇ ਮਾਸ ਖਾ ਕੇ ਘਰ ਵਿਚ ਆਉਣ। ਜੇ ਇਸ ਤਰ੍ਹਾਂ ਕਰਨਾ ਹੈ ਤਾਂ ਫਿਰ ਇਹ ਹੋ ਰਿਹਾ ਨੁਕਸਾਨ ਨਹੀਂ ਹਟਣਾ। ਆਪਣੇ ਬੱਚਿਆਂ ਨੂੰ ਚੰਗੀ ਤਰ੍ਹਾਂ ਪੁੱਛ ਲਵੀਂ।

ਮਾਤਾ ਘਰ ਵਾਪਸ ਚਲੀ ਗਈ ਤੇ ਆਪਣੇ ਪਰਿਵਾਰ ਨਾਲ ਸਲਾਹ ਕੀਤੀ ਕਿ ਬਾਬਾ ਜੀ ਨੇ ਜੋ ਮਾਸ ਸ਼ਰਾਬ ਦਾ ਸਦਾ ਲਈ ਤਿਆਗ ਕਰਨ ਲਈ ਕਿਹਾ ਸੀ, ਉਹ ਸਾਰੀ ਗੱਲ ਪਰਿਵਾਰ ਵਿਚ ਕੀਤੀ। ਲੜਕੇ ਮਾਸ ਸ਼ਰਾਬ ਦੇ ਤਿਆਗ ਤੋਂ ਹਿਚਕਚਾਉਂਦੇ ਸਨ। ਮਾਈ ਨੇ ਕਿਹਾ ਕਿ ਬਾਬਾ ਜੀ ਨੇ ਕਿਹਾ ਹੈ ਕਿ ਜੇ ਇਹਨਾਂ ਚੀਜ਼ਾਂ ਦਾ ਤਿਆਗ ਨਹੀਂ ਕਰੋਗੇ ਤਾਂ ਇਹ ਤੁਹਾਡਾ ਨੁਕਸਾਨ ਹੋਣਾ ਬੰਦ ਨਹੀਂ ਹੋਵੇਗਾ ਭਾਵੇਂ ਜੋ ਮਰਜ਼ੀ ਕਰ ਲਵੋ। ਤੰਗ ਹੋਏ ਸਾਰੇ ਪਰਿਵਾਰ ਨੇ ਮਾਈ ਨੂੰ ਕਹਿ ਦਿਤਾ ਕਿ ਅਸੀਂ ਸਦਾ ਲਈ ਇਹਨਾਂ ਚੀਜ਼ਾਂ ਦਾ ਤਿਆਗ ਕਰ ਦਿੰਦੇ ਹਾਂ ਪਰ ਸਾਡਾ ਇਸ ਤਰ੍ਹਾਂ ਨੁਕਸਾਨ ਨਾ ਹੋਵੇ। ਮਾਤਾ ਦੇ ਪ੍ਰੇਰਨਾ ਦੇਣ ਤੇ ਘਰ ਵਿਚ ਪਈ ਸ਼ਰਾਬ ਵੀ ਮੁੰਡਿਆਂ ਨੇ ਬਾਹਰ ਕੱਢ ਕੇ ਸੁੱਟ ਦਿੱਤੀ।

ਅਗਲੀ ਸ਼ਾਮ ਮਾਤਾ ਨੇ ਬਾਬਾ ਜੀ ਨੂੰ ਜਾ ਬੇਨਤੀ ਕੀਤੀ ਕਿ ਬਾਬਾ ਜੀ ਆਪ ਜੀ ਦੇ ਕਹਿਣ ਮੁਤਾਬਕ ਸਾਰੇ ਪਰਿਵਾਰ ਨੇ ਖੁਸ਼ੀ ਨਾਲ ਮੰਨ ਲਿਆ ਹੈ ਤੇ ਘਰੋਂ ਸ਼ਰਾਬ ਆਦਿ ਬਾਹਰ ਸੁੱਟ ਆਏ ਹਨ। ਹੁਣ ਤੁਸੀਂ ਕਿਰਪਾ ਕਰੋ ਤੇ ਦੱਸੋ ਕੀ ਕਰਨਾ ਹੈ। ਬਾਬਾ ਜੀ ਕਹਿਣ ਲੱਗੇ ਕਿ ਅਸੀਂ ਕੱਲ੍ਹ ਸਵੇਰੇ ਸਵੱਖਤੇ ਤੁਹਾਡੇ ਘਰ ਆਵਾਂਗੇ। ਨਿਤਨੇਮ ਦਾ ਪਾਠ ਤੁਹਾਡੇ ਘਰ ਕਰਾਂਗੇ। ਤੁਸੀਂ ਸਾਰੇ ਪਰਿਵਾਰ ਨੇ ਬੈਠ ਕੇ ਨਿਤਨੇਮ ਸੁਣ ਲੈਣਾ। ਉਪਰੰਤ ਤੁਸੀਂ ਉੱਚੀ ਬੋਲ ਕੇ ਹਰ ਰੋਜ਼ ਨਿਤਨੇਮ ਦਾ ਪਾਠ ਕਰ ਲਿਆ ਕਰੋ। ਸਤਿਗੁਰੂ ਜੀ ਮੇਹਰ ਕਰਨਗੇ। ਅਗਲੇ ਭਲਕ ਬਾਬਾ ਜੀ ਤੜਕੇ ਹੀ ਥੋੜ੍ਹੀ ਦੂਰ ਜੋ ਮਾਤਾ ਦਾ ਘਰ ਸੀ, ਉਥੇ ਪੁੱਜ ਗਏ ਤੇ ਆਪ ਨੇ ਪ੍ਰੇਮ ਨਾਲ ਉੱਚੀ ਸੁਰ ਵਿਚ ਨਿਤਨੇਮ ਕੀਤਾ, ਸਾਰੇ ਪਰਿਵਾਰ ਨੇ ਸੁਣਿਆ। ਸਮਾਪਤੀ ਉਪਰੰਤ ਅਰਦਾਸ ਕੀਤੀ ਤੇ ਬਾਬਾ ਜੀ ਨੇ ਸਾਰੇ ਪਰਿਵਾਰ ਨੂੰ ਗੁਰਬਾਣੀ ਪੜ੍ਹਨ ਤੇ ਤਾਮਸੀ ਖ਼ੁਰਾਕ ਦਾ ਤਿਆਗ ਕਰਨ ਦਾ ਪ੍ਰਣ ਲਿਆ ਤੇ ਕਿਹਾ ਕਿ ਜੇ ਤੁਸੀਂ ਬਚਨ ਤੇ ਪੂਰੇ ਰਹੇ ਤਾਂ ਅੱਜ ਤੋਂ ਬਾਅਦ ਤੁਹਾਡੇ ਘਰ ਵਿਚ ਕੋਈ ਅਜਿਹਾ ਨੁਕਸਾਨ ਨਹੀਂ ਹੋਵੇਗਾ। ਜੇ ਤੁਸੀਂ ਫਿਰ ਮਾਸ ਸ਼ਰਾਬ ਦੀ ਵਰਤੋਂ ਕਰਨ ਲੱਗ ਪਏ ਜਾਂ ਬਾਹਰੋਂ ਖਾ ਪੀ ਕੇ ਘਰ ਵਿਚ ਆਏ ਤੇ ਕੀਤੇ ਬਚਨ ਦੀ ਉਲੰਘਣਾ ਕੀਤੀ ਫਿਰ ਜ਼ਿੰਮੇਵਾਰੀ ਤੁਹਾਡੀ ਹੋਵੇਗੀ। ਜੇ ਆਪਾਂ ਬਾਣੀ ਵੀ ਪੜ੍ਹੀ ਜਾਈਏ, ਨਾਲ ਇਹਨਾਂ ਚੀਜਾਂ ਦੀ ਵਰਤੋਂ ਵੀ ਕਰੀ ਜਾਈਏ, ਫਿਰ ਬਾਣੀ ਦਾ ਵੀ ਅਸਰ ਨਹੀਂ ਹੁੰਦਾ ਤੇ ਭੈੜੀਆਂ ਰੂਹਾਂ ਵੀ ਪਿੱਛਾ ਨਹੀਂ ਛੱਡਦੀਆਂ। ਪਰਿਵਾਰ ਨੇ ਦੁੱਖ ਤੋਂ ਛੁਟਕਾਰੇ ਲਈ ਸਾਰੀਆਂ ਸ਼ਰਤਾਂ ਬੜੀ ਖੁਸ਼ੀ ਨਾਲ ਮੰਨ ਲਈਆਂ ਤੇ ਸਾਰੇ ਹਰ ਰੋਜ਼ ਨਿਤਨੇਮ ਕਰਨ ਤੇ ਸੁਣਨ ਲੱਗ ਪਏ। ਉਸ ਦਿਨ ਤੋਂ ਪਿਛੋਂ ਉਹਨਾਂ ਦੇ ਘਰ ਵਿਚ ਮੁੜ ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਇਆ, ਨਾ ਹੀ ਕੋਈ ਕਪੜਾ ਕੱਟ ਹੋਇਆ ਤੇ ਨਾ ਹੀ ਕਿਸੇ ਕਪੜੇ ਨੂੰ ਅੱਗ ਹੀ ਲੱਗੀ।

ccccc



www.AKJ.Org

# ਨਾਨਕ ਉਤਮੁ ਨੀਚੁ ਨ ਕੋਇ

(ਪ੍ਰਿ: ਸੱਜਣ ਸਿੰਘ)

ਨਾਟਕ ਦਾ ਕੋਈ ਵੀ ਪਾਤਰ ਖੁਦਮੁਖਤਿਆਰੀ ਕਰਨ ਦੀ ਗਲਤੀ ਨਹੀਂ ਕਰਦਾ। ਉਹ ਭਲੀ ਭਾਂਤ ਜਾਣਦਾ ਹੈ ਕਿ ਨਿਰਦੇਸ਼ਕ ਦੇ ਹੁਕਮ ਅਨੁਸਾਰ ਚੱਲਣਾ ਉਸ ਦਾ ਫਰਜ਼ ਹੈ। ਉਸਨੇ ਆਪਨੀ ਮਨ-ਮਰਜੀ ਤਿਆਗ ਕੇ, ਸੇਵਾ ਤੇ ਯੋਗਤਾ ਅਰਪਣ ਕੀਤੀ ਹੁੰਦੀ ਹੈ। ਜੇ ਉਹ ਰਾਜੇ ਦਾ ਰੋਲ ਅਦਾ ਕਰਦਾ ਹੈ ਤਾਂ ਆਪਣੀ ਅਸਲੀਅਤ ਨੂੰ ਭੁੱਲਦਾ ਨਹੀਂ, ਜੇ ਦੁਖਿਆਰਾ ਜੀਵਨ ਬਿਤਾਉਂਤਾ ਹੈ ਤਾਂ ਕੇਵਲ ਦਿਖਾਵੇ ਲਈ ਤੇ ਵਾਸਤਵ ਵਿਚ ਉਸ ਦੀ ਆਤਮਾ ਦੁਖੀ ਨਹੀਂ ਹੁੰਦੀ। ਇਹ ਦੁਨਿਆਵੀ ਤਮਾਸ਼ੇ ਤੀ ਖੇਡ ਹੈ ਜਿਸ ਵਿਚ ਆਪਣੀ ਦਖਲ ਅੰਦਾਜ਼ੀ, ਰਾਏ, ਸੋਚ ਵਿਚਾਰ ਦਾ ਮੁੱਲ ਪਾਉਣ ਵਾਲਾ ਕੋਈ ਹੋਰ ਹੁੰਦਾ ਹੈ।

ਦੂਸਰੇ ਪਾਸੇ ਜਗਤ ਵੀ ਇਹ ਤਮਾਸ਼ਾ ਹੈ, ਸਿਰਜਨਹਾਰ ਦਾ ਸਿਰਜਿਆ ਨਾਟਕ ਹੈ। ਪਰ ਅਸੀਂ ਮੂਰਖ ਜੀਵ ਭੁੱਲ ਜਾਂਦੇ ਹਾਂ ਕਿ ਇਸ ਨਾਟਕ ਦਾ ਵੀ ਕੋਈ ਡਾਇਰੈਕਟਰ ਹੈ ਜਿਸ ਨੇ ਸਾਨੂੰ, ਸਾਡੀ ਯੋਗਤਾ ਅਨੁਸਾਰ ਰੁਚੀ ਅਨੁਸਾਰ ਜਾਂ ਕੇਵਲ ਬਖਸ਼ਸ਼ ਦੁਆਰਾ, ਜਿੱਥੇ ਵੀ ਰੱਖਿਆ ਹੈ, ਫਰਜ਼ ਨਿਬਾਹੁਣ ਦਾ ਸੁਨਿਹਰੀ ਅਵਸਰ ਪਰਦਾਨ ਕੀਤਾ ਹੈ। ਜੇ ਇਹ ਤੱਤ ਗਿਆਨ, ਸਾਡੇ ਹਿਰਦੇ ਵਿਚ ਦ੍ਰਿੜ ਹੋ ਜਾਵੇ ਤਾਂ ਸਮੁੱਚੀ ਜਿੰਦਗੀ ਅਨਿਕ ਭਾਂਤ ਦੀਆਂ ਖੱਡਾਂ ਤੇ ਟੀਸੀਆਂ ਤੋਂ ਰਹਿਤ ਹੋ ਕੇ ਸਾਂਵੀ ਪੱਧਰੀ, ਸਮਤਲ ਤੇ ਸੁਖਾਂਵੀ ਬਣ ਜਾਵੇ।

ਸਰਬ ਸ਼ਕਤੀਮਾਨ ਅਕਾਲ ਪੁਰਖ ਐਸਾ ਤ੍ਰਿਭਵਣ ਮਹੀਪ ਹੈ ਜਿਸਦਾ ਕੋਈ ਮੰਤਰੀ ਮੰਡਲ ਨਹੀਂ। ਉਸਦਾ ਫੈਸਲਾ ਨਿੱਜੀ ਹੈ ਜਿਸ ਵਿਰੁੱਧ ਕੋਈ ਅਪੀਲ ਨਹੀ। ਉਸਦਾ ਹੁਕਮ ਅਟੱਲ ਤੇ ਆਖਰੀ ਹੈ। ਬੰਦ ਖਲਾਸੀ, ਬੰਧਨ ਛੁਟਕਾਰਾ ਜਾਂ ਜੀਵਨ ਮੌਤ ਦੀ ਘਟਨਾ, ਪ੍ਰਭੂ ਦੀ ਜਾਣਕਾਰੀ, ਤੇ ਹੁਕਮ ਬਿਨਾਂ ਨਹੀਂ ਵਾਪਰਦੀ।

**ਬੰਦਿ ਖਲਾਸੀ ਭਾਣੈ ਹੋਇ।।**
**ਹੋਰੁ ਆਖਿ ਨ ਸਕੈ ਕੋਇ।।**
**ਜੇ ਕੋ ਖਾਇਕੁ ਆਖਣਿ ਪਾਇ।।**
**ਓਹੁ ਜਾਣੈ ਜੇਤੀਆ ਮੁਹਿ ਖਾਇ।।** (ਪੰਨਾ ੫)

ਜੇ ਕੋਈ ਮੂਰਖ ਗੱਪੀ ਭਾਣੇ ਵਿਰੁੱਧ ਅਵਾਜ਼ ਉਠਾਉਣ ਜਾਂ ਹੀਲ ਹੁੱਜਤ ਕਰਨ ਦੀ ਗਲਤੀ ਕਰੇ ਤਾਂ ਜਿਹੜੀ ਮਾਰ ਉਹਦੇ ਮੂੰਹ ਤੇ ਪੈਂਦੀ ਹੈ, ਉਸਨੂੰ ਕੇਵਲ ਉਹੀ ਜਾਣਦਾ ਹੈ।

ਪਰਮਾਤਮਾ ਨੇ ਬੰਦੇ ਨੂੰ ਸਰਬ ਜੂਨਾਂ ਦੀ ਸਰਦਾਰੀ ਬਖਸ਼ ਕੇ ਬਹੁਤ ਕੁਝ ਕਰਨ ਦੀ ਸਮਰੱਥਾ ਦਿੱਤੀ ਹੈ। ਫਿਰ ਵੀ ਮਰਣ,ਜੀਵਨ ਦਾ ਅਧਿਕਾਰ ਆਪਣੇ ਹੱਥ ਰੱਖਿਆ ਹੈ। ਚੋਟੀ ਦੇ ਡਾਕਟਰ ਤੇ ਹਕੀਮ ਬੇਬਸ ਹੋ ਜਾਂਦੇ ਹਨ, ਜਦ ਉਸ ਦੀ ਆਪਣੀ ਚੀਰੀ ਦਰਗਹ ਪਾਟਦੀ ਹੈ।

**ਹੁਕਮੇ ਜੁਗ ਮਹਿ ਆਇਆ**
**ਚਲਣੁ ਹੁਕਮਿ ਸੰਜੋਗਿ ਜੀਉ।।**
**ਹੁਕਮੇ ਪਰਪੰਚੁ ਪਸਰਿਆ**
**ਹੁਕਮਿ ਕਰੇ ਰਸ ਭੋਗ ਜੀਉ ।।**

(ਸੂਹੀ ਮਹਲਾ ੫- ੭੬੦)

ਇਨਸਾਨ ਕਈ ਵਾਰ ਲਿਹਾਜ਼ ਜਾਂ ਤਰਫਦਾਰੀ ਦਾ ਸ਼ਿਕਾਰ ਹੋ ਸਕਦਾ ਹੈ ਪਰ ਪਰਮਾਤਮਾ ਇਨ੍ਹਾਂ ਔਗੁਣਾਂ ਤੋਂ ਨਿਰਲੇਪ ਹੈ। ਉਹ ਆਪਣੀ ਇੱਛਾ ਅਨੁਸਾਰ ਕਿਸੇ ਨੂੰ ਦਾਤਾ, ਕਿਸੇ ਨੂੰ ਭੇਖਾਰੀ ਬਣਾਉਂਦੀ ਹੈ। ਪਰ ਸਾਰੇ ਧਨੀ, ਦਾਤੇ ਨਹੀਂ ਬਣਦੇ, ਨਾਂ ਹੀ ਸਾਰੇ ਗਰੀਬ ਭਿਖਾਰੀ। ਪ੍ਰਭੂ ਜਿਨ੍ਹਾਂ ਨੂੰ 'ਬਖਸ਼ਸਾਂ' ਦਿੰਦਾ ਹੈ, ਉਨ੍ਹਾਂ ਵਿਚੋਂ ਕਈ ਲੈਕੇ ਮੁੱਕਰ ਜਾਂਦੇ ਹਨ ਤੇ ਜਿਨ੍ਹਾਂ ਨੂੰ ਦੁੱਖ, ਭੁੱਖ ਦੀ ਮਾਰ ਦਿੰਦਾ ਹੈ, ਉਨਾਂ ਵਿਚੋਂ ਭੀ ਕਈ ਆਪਣੀ ਅਣਖ ਤੇ ਸ੍ਵੈਮਾਨਤਾ ਨੂੰ ਕਾਇਮ ਰੱਖਦਿਆਂ ਪਰਾਏ ਦਰੋਂ ਮੰਗਣ ਦੀ ਲਾਅਨਤ ਤੋਂ ਬਚ ਜਾਂਦੇ ਹਨ । ਸਾਰਾਂਸ ਪ੍ਰਭੂ ਦੀ ਬਖਸ਼ਸ਼ ਬਿਨਾਂ ਕੋਈ ਦਾਤਾ ਨਹੀ ਬਣਦਾ। ਜੇ ਉਸ ਦੀ ਨਜ਼ਰ ਉਪੱਠੀ ਹੋ ਜਾਵੇ ਤਾਂ ਬਾਦਸ਼ਾਹ ਨੂੰ ਖਾਕ ਵਿਚ ਮਿਲਾ ਦਿੰਦਾ ਹੈ ।

**ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।।**

(ਆਸਾ ਦੀ ਵਾਰ)

ਹੰਕਾਰ ਬੁਧੀ ਨੂੰ ਖਾਂਦਾ ਹੈ ਤੇ ਹੁਕਮ ਅਦੂਲੀ ਖਸਮ ਨੂੰ ਨਰਾਜ਼ ਕਰਦੀ ਹੈ। ਪ੍ਰਭਤਾ ਦੇ ਨਸ਼ੇ ਵਿਚ ਮੱਤੇ ਇਨਸਾਨ ਨੂੰ ਸਰਬ ਕਲਾ ਸਮਰਥ ਦੀ ਸ਼ਕਤੀ ਦਾ ਚੇਤਾ ਹੀ ਨਹੀਂ ਰਹਿੰਦਾ। ਉਹ ਚਾਹੇ ਤਾਂ ਭਿਖਾਰੀ ਨੂੰ ਰਾਜਾ ਤੇ ਰਾਜੇ ਨੂੰ ਭਿਖਾਰੀ ਬਣਾ ਦਿੰਦਾ ਹੈ । ਇਸੇ ਤਰ੍ਹਾਂ ਮੂਰਖ ਤੋਂ ਵਿਦਵਾਨ ਤੇ ਵਿਦਵਾਨ ਤੋਂ ਮੂਰਖ ਬਣਾਉਣਾ, ਉਸ ਦਾ ਖੇਲ੍ਹ ਹੈ, ਚੋਜ ਹੈ, ਕੌਤਕ ਹੈ ਤੇ ਉਸ ਦੇ ਸਰਬ ਸਕਤੀਮਾਨ ਹੋਣ ਦਾ ਸਬੂਤ ਹੈ, ਪ੍ਰਗਟਾਵਾ ਹੈ। ਪਾਵਨ ਹੁਕਮ ਹੈ :-



www.AKJ.Org

**ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ।।**
**ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤੁ ਤੇ ਮੁਗਧਾਰੀ।।**
(ਸਾਰੰਗ ਕਬੀਰ ਜੀਉ ੧੨੫੨)

ਜਦ ਪ੍ਰਭੂ ਕਿਸੇ ਜੀਵ ਦੇ ਪੂਰਬਲੇ ਜਨਮਾਂ ਦੀ ਘਾਲਣਾ ਤੋਂ ਤ੍ਰੁਠ ਕੇ ਬਾਦਸ਼ਾਹੀ ਠਾਠ ਬਾਠ ਤੇ ਰਾਜਸੀ ਸ਼ਕਤੀਆਂ ਦੀਆਂ ਬਰਕਤਾਂ ਦਿੰਦਾ ਹੈ ਤਾਂ ਉਸ ਜੀਵ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਨਤਾ ਦਾ ਮਾਂ ਪਿਓ ਵਾਂਗਰ ਖਿਆਲ ਰੱਖੇ, ਯੋਗ ਸਹੂਲਤਾਂ ਦੇਵੇ ਤੇ ਬਦਲੇ ਦੀ ਭਾਵਨਾ ਅਧੀਨ ਹੋ ਕੇ ਸੌਤੀਲਾ ਵਰਤਾਓ ਨਾ ਕਰੇ। ਪਰ ਜੇ ਉਹ ਅਤਿਆਚਾਰ ਕਰਨੋ ਨਾ ਹਟੇ ਤਾਂ ਅਕਾਲ ਪੁਰਖ ਨੂੰ ਉਸ ਦਾ ਇਲਾਜ ਕਰਨਾ ਆਉਂਦਾ ਹੈ। "**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ।। ਬਿਪਰੀਤ ਬੁਧੵੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।।੨੪।।**"
(ਸਲੋਕ ਸਹਸਕ੍ਰਿਤੀ-੧੩੫੯)

ਰਾਜੇ ਦੀ ਸ਼ਕਤੀ, ਇੱਕ ਵਿਅਕਤੀ ਦੀ ਨਹੀਂ, ਸਮੁੱਚੀ ਹਕੂਮਤ ਦੀ ਸ਼ਕਤੀ ਹੁੰਦੀ ਹੈ। ਉਸ ਦਾ ਗਲਤ ਫੈਸਲਾ, ਗਲਤ ਆਦੇਸ਼, ਮਹਾਨ ਤਬਾਹੀ ਦਾ ਕਾਰਨ ਬਣ ਸਕਦਾ ਹੈ।ਬੇਸ਼ਕ ਇਹ ਵੀ ਪ੍ਰਭੂ ਦੀ ਰਜ਼ਾ ਵਿੱਚ ਹੈ, ਜੇ ਉਹ ਚਾਹੇ ਤਾਂ ਜ਼ੁਲਮ ਕਰਨ ਨ ਦੇਵੇ, ਜੇ ਚਾਹੇ ਤਾਂ ਕਰਮ- ਫਲ-ਚੱਕਰ ਬਿਨ੍ਹਾਂ-ਰੋਕ ਦੇ ਚਲਦਾ ਰਹੇ। ਜ਼ੁਲਮ ਰੋਕਣ ਜਾਂ ਜ਼ਾਲਮ ਨੂੰ ਰੋਕਣ ਦੀ ਸ਼ਕਤੀ ਉਸ ਦਾਤਾਰ ਦੇ ਹੱਥ ਵਿਚ ਹੈ। ਉਹ ਜ਼ਾਲਮ ਨੂੰ ਸਮਝਾ ਵੀ ਸਕਦਾ ਹੈ ਤੇ ਮਿਟਾ ਵੀ ਸਕਦਾ ਹੈ। ਕਿਉਂਕਿ ਕਿਸੇ ਦੀ ਪੇਸ਼ ਨਹੀਂ ਜਾਂਦੀ, ਉਸ ਦਾ ਭਾਣਾ ਸਭ ਨੂੰ ਮੰਨਣਾ ਪੈਂਦਾ ਹੈ। ਫਰਕ ਏਨਾ ਹੈ ਕਿ ਗੁਰਮੁਖ ਜਨ ਮਿੱਠਾ ਕਰਕੇ ਮੰਨਦਾ ਹੈ ਤੇ ਮਨਮੁਖ ਕੌੜਾ ਜਾਣ ਕੇ। ਸਤਿਗੁਰੂ ਨਾਨਕ ਦੇਵ ਜੀ ਨੇ, ਪ੍ਰਭੂ ਦੀ ਸ਼ਕਤੀ ਤੇ ਇਨਸਾਨ ਦੀ ਬੇਬਸੀ ਦਾ ਚਿੱਤਰ ਸਪਸ਼ਟ ਸ਼ਬਦਾਂ ਦੁਆਰਾ ਖਿੱਚਿਆ ਹੈ:-

**ਆਖਣਿ ਜੋਰੁ ਚੁਪੈ ਨਹ ਜੋਰੁ।।**
**ਜੋਰੁ ਨ ਮੰਗਣਿ ਦੇਣਿ ਨ ਜੋਰੁ।।**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ।।**
**ਜੋਰੁ ਨ ਰਾਜਿ ਮਾਲਿ ਮਨਿ ਸੋਰੁ।।**
**ਜੋਰੁ ਨ ਸੁਰਤੀ ਗਿਆਨਿ ਵੀਚਾਰਿ।।**
**ਜੋਰੁ ਨ ਜੁਗਤੀ ਛੁਟੈ ਸੰਸਾਰੁ।।**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ।।**
**ਨਾਨਕ ਉਤਮੁ ਨੀਚੁ ਨ ਕੋਇ।।**
(ਜਪੁ ਜੀ ਸਾਹਿਬ-੭)

ਕੋਈ ਜੀਵ ਕੇਵਲ ਆਪਣੀ ਹਿੰਮਤ ਦੁਆਰਾ, ਉੱਚੀ ਪਦਵੀ ਵਾਲਾ, ਮਹਾਨ ਵਿਚਾਰਾਂ ਵਾਲਾਂ, ਗੁਣਵਾਨ, ਸ੍ਰੇਸ਼ਟ ਤੇ ਉੱਤਮ ਨਹੀਂ ਹੁੰਦਾ, ਆਪਣੇ ਵਲੋਂ ਕਿਹੜਾ ਘੱਟ ਜੋਰ ਲਗਾਉਂਦਾ ਹੈ ? ਪਰ ਬਖਸ਼ਸ਼ ਉੱਥੇ ਹੁੰਦੀ ਹੈ, ਜਿੱਥੇ ਦਾਤੇ ਦੀ ਮੁਹਰ ਲੱਗੇ। "**ਸਭਨੀ ਛਾਲਾਂ ਮਾਰੀਆਂ ਕਰਤਾ ਕਰੇ ਸੋ ਹੋਇ.**" ਹੀ ਇਸ ਵਿਚਾਰ ਦਾ ਸੋਮਾ ਹੈ।

ਸਿਕੰਦਰ ਦੀ ਸੂਰਮਗਤੀ ਅਤੇ ਬਹਾਦਰੀ ਅੱਗੇ ਕੋਈ ਰਾਜਾ ਨਹੀਂ ਟਿਕਿਆ। ਉਸ ਨੇ ਸਾਰੀ ਦੁਨੀਆਂ ਨੂੰ ਜਿੱਤਣ ਦਾ ਇਰਾਦਾ ਬਣਾਇਆ ਹੋਇਆ ਸੀ ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਉਸ ਦੀ ਸ਼ਕਤੀ ਦੀ ਡੋਰ ਕਿਸੇ ਹੋਰ ਦੇ ਹੱਥ ਵਿੱਚ ਹੈ। ਡੋਰ ਟੁੱਟ ਗਈ ਅਤੇ ਉਸ ਦੀ ਚਿਤਾਵਨੀ ਦੇ ਸੁਪਨੇ ਖਤਮ ਹੋ ਗਏ। ਹਜ਼ੂਰ ਦਾ ਫ਼ੁਰਮਾਨ ਹੈ :-

**ਅਤਿ ਸੂਰਾ ਜੇ ਕੋਊ ਕਹਾਵੈ।।**
**ਪ੍ਰਭ ਕੀ ਕਲਾ ਬਿਨਾ ਕਹ ਧਾਵੈ।।**

ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਤੋਂ ਪਹਿਲਾਂ ਭਾਰਤ ਵਰਸ਼ ਦੀ ਵੀਰਤਾ ਦੇ ਕਾਰਨਾਮੇ ਅਲੋਪ ਹੀ ਹੋ ਚੁੱਕੇ ਸਨ। ਕਾਰਨਾਮਿਆਂ ਦੀ ਗਾਥਾ ਉਨ੍ਹਾਂ ਪੁਸਤਕਾਂ ਵਿੱਚ ਕੈਦ ਸੀ ਜਿਨ੍ਹਾਂ ਦੇ ਮਾਲਕ ਆਪ ਬੁਜ਼ਦਿਲ ਤੇ ਡਰਪੋਕ ਸਨ। ਕਰੁਣਾਨਿਧਿ ਨਿਰੰਕਾਰ ਨੇ ਆਪਣੀ ਕਲਾ ਦਿਖਾਈ ਤੇ ਆਕਾਰ ਰੂਪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਉ ਹੇਠ ਸੰਸਾਰ ਵਿੱਚ ਪ੍ਰਗਟ ਹੋਏ ਤੇ ਯੋਗ ਸਮਾਂ ਆਉਣ ਤੇ ਭਗਤੀ ਸ਼ਕਤੀ ਦਾ ਸੁਮੇਲ ਖਾਲਸੇ ਦੀ ਝੋਲੀ ਵਿੱਚ ਪਾਇਆ। ਇਤਿਹਾਸ ਗਵਾਹ ਹੈ ਕਿ ਹੋਰ ਕੋਈ ਵਿਅਕਤੀ, ਫਿਰਕਾ ਜਾਂ ਧਰਮ ਆਪਣੇ ਬਲ ਨਾਲ ਸੂਰਾ, ਵਰਿਆਮ ਜਾਂ ਬਲਵਾਨ ਨਹੀਂ ਬਣਿਆ, ਬੁਜ਼ਦਿਲ ਦਾ ਬੁਜ਼ਦਿਲ ਹੀ ਰਿਹਾ। ਪ੍ਰਭੂ ਨੇ ਜਿਸ ਨੂੰ ਵਡਿਆਈ ਬਖਸ਼ੀ ਹੈ, ਉਹੀ ਸਰਦਾਰੀ ਦਾ ਮਾਲਕ ਬਣ ਕੇ ਸੰਸਾਰ ਵਿੱਚ ਆਇਆ ਹੈ। ਪਾਵਨ ਹੁਕਮ ਹੈ :-

**ਵਡਹੰਸ ਮਹਲਾ ੩।।**
**ਆਪਿ ਕਰੇ ਕਿਸੁ ਆਖੀਐ ਹੋਰੁ**
**ਕਰਣਾ ਕਿਛੂ ਨ ਜਾਈ ਰਾਮ।।**
**ਜਿਤੁ ਭਾਵੈ ਤਿਤੁ ਲਾਇਸੀ**
**ਜਿਉ ਤਿਸ ਦੀ ਵਡਿਆਈ ਰਾਮ।।**


www.AKJ.Org

**ਜਿਉ ਤਿਸ ਦੀ ਵਡਿਆਈ ਆਪਿ ਕਰਾਈ**
**ਵਰੀਆਮੁ ਨ ਫੁਸੀ ਕੋਈ।।**
**ਜਗਜੀਵਨੁ ਦਾਤਾ ਕਰਮਿ ਬਿਧਾਤਾ**
**ਆਪੇ ਬਖਸੇ ਸੋਈ।।**
**ਗੁਰਪਰਸਾਦੀ ਆਪੁ ਗਵਾਈਐ**
**ਨਾਨਕ ਨਾਮਿ ਪਤਿ ਪਾਈ।।**
**ਆਪਿ ਕਰੇ ਕਿਸੁ ਆਖੀਐ**
**ਹੋਰ ਕਰਣਾ ਕਿਛੂ ਨ ਜਾਈ।।** (ਪੰਨਾ ੫੭੦)

ਸੂਰਮਗਤੀ ਦੀ ਵਡਿਆਈ ਪ੍ਰਭੂ ਆਪ ਬਖਸ਼ਦਾ ਹੈ ਨਹੀਂ ਤਾਂ ਕੋਈ ਮਨੁੱਖ ਦਲੇਰ ਜਾਂ ਬੁਜ਼ਦਿਲ ਨਹੀਂ, ਵਰਿਆਮ ਜਾਂ ਕਾਇਰ ਨਹੀਂ। ਇਉਂ ਪ੍ਰਤੀਤ ਹੁੰਦਾ ਹੈ ਕਿ ਸਗਲ ਬ੍ਰਹਿਮੰਡ ਵਿੱਚ ਪ੍ਰਭੂ ਦੀ ਰਜ਼ਾ ਗੁਪਤ ਰੂਪ ਵਿੱਚ ਤੇ ਉਸਦੀ ਰਹਿਮਤ ਪ੍ਰਤੱਖ ਰੂਪ ਵਿੱਚ ਪ੍ਰਗਟ ਹੁੰਦੀ ਹੈ। ਈਹਾਂ ਊਹਾਂ ਉਸ ਦਾ ਹੁਕਮ ਵਰਤਦਾ ਹੈ, ਜਿਸ ਅਨੁਸਾਰ ਪ੍ਰਾਣੀ, ਉਤਮ, ਮੱਧਮ ਜਾਂ ਨੀਚ ਅਵਸਥਾ ਵਿੱਚ ਵਿਚਰਦਾ ਹੈ। ਇਸ ਪ੍ਰਤੀ ਇਕ ਹੋਰ ਮਹਾਂਵਾਕ ਹੈ :-

**"ਨਾ ਕੋ ਸੂਰੁ ਨਾ ਕੋਈ ਹੀਣਾ ਸਭ ਪ੍ਰਗਟੀ ਜੋਤਿ ਤੁਮਾਰੀ।।"**

ਰੂਹਾਨੀਅਤ ਦੇ ਖੇਤਰ ਵਿੱਚ ਸਤਸੰਗਤਿ ਦੁਆਰਾ ਥੋੜ੍ਹੀ ਬਹੁਤ ਸਮਝ ਆਉਂਦੀ ਹੈ ਕਿ ਬੰਦਾ ਇਕ ਸਾਜ਼ ਨਿਆਈ ਹੈ। ਜਿਸ ਦਾ ਬਜਾਵਣਹਾਰਾ ਇਨਸਾਨ ਨਹੀਂ, ਭਗਵਾਨ ਹੈ। ਗਿਆਨ ਧਿਆਨ, ਸੋਚ ਵਿਚਾਰ, ਆਪਣੇ ਵੱਸ ਤੋਂ ਬਾਹਰ, ਜੁਗਤੀ ਤੇ ਮੁਕਤੀ ਵੀ ਆਪਣੇ ਬਲ ਕਰਕੇ ਨਹੀਂ। ਇਹ ਬਦਕਿਸਮਤੀ ਦੀ ਨਿਸ਼ਾਨੀ ਹੈ ਕਿ ਨਾ ਸੁਚੱਜਾ ਕਰਮ ਕਰਨ ਦਾ ਚਾਅ ਤੇ ਹੌਂਸਲਾ ਤੇ ਨਾ ਫਲ ਪ੍ਰਾਪਤੀ ਦਾ ਅਧਿਕਾਰ। '**ਹੁਕਮੁ ਚਲਾਵੈ ਆਪਣੈ ਕਰਮੀ ਵਹੈ ਕਲਾਮ।**' ਅਨੁਸਾਰ ਅੰਤ ਨਿਬੇੜਾ ਦਾਤਾਰ ਪ੍ਰਭੂ ਦੇ ਹੁਕਮ ਵਿੱਚ ਹੈ।

ਕੋਈ ਸੰਸਾਰੀ ਹੋਵੇ ਜਾਂ ਭਗਤ, ਹੋਛਾ ਹੋਵੇ ਜਾਂ ਦਾਨਾ, ਗਵਾਰ ਹੋਵੇ ਜਾਂ ਬੁੱਧੀਮਾਨ, ਉਸ ਦੀ ਖਸਲਤ ਵਿੱਚ, ਉਸ ਦੇ ਸਵੈਰੂਪ ਵਿੱਚ ਪਰਿਵਰਤਨ ਲਿਆਉਣਾ ਅਸੰਭਵ ਹੁੰਦਾ ਹੈ। ਜਿਸ ਨੂੰ ਪ੍ਰਭੂ ਨੇ ਮੂਰਖ ਬਣਾਇਆ ਹੋਵੇ ਤੇ ਉਸੇ ਅਵਸਥਾ ਵਿੱਚ ਰੱਖਣਾ ਹੋਵੇ ਉਹ ਪੜ੍ਹ ਲਿਖ ਕੇ ਵੀ ਮੂਰਖ ਰਹਿੰਦਾ ਹੈ। ਇਸ ਲਾਚਾਰੀ ਵਿੱਚ ਗੁਰਫੁਰਮਾਨ ਦੀ ਇਹ ਪੰਗਤੀ ਧਰਵਾਸ (ਤਸੱਲੀ) ਦਿੰਦੀ ਹੈ।

**ਜੋ ਪਾਵਹਿ ਭਾਂਡੇ ਵਿਚਿ ਵਸਤੁ**
**ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ।।**
(ਪੰਨਾ ੪੪੯-੪੫੦)

ਅਕਲਿ, ਸਿਆਣਪ ਜਾਂ ਬੁੱਧੀ ਖਰੀਦਣ ਵਾਲੀ ਜਾਂ ਵੇਚਣ ਵਾਲੀ ਸ਼ੈਅ ਨਹੀਂ। ਜੇ ਇੰਝ ਹੁੰਦਾ ਤਾਂ ਧਨੀ ਲੋਕਾਂ ਦੀ ਕੋਈ ਸੰਤਾਨ ਅਵੈੜੀ ਨਾ ਹੁੰਦੀ, ਕੋਈ ਪੁੱਤਰ ਕਪੁੱਤਰ ਨਾ ਹੁੰਦਾ। ਹਜ਼ੂਰ ਦਾ ਫੁਰਮਾਨ ਹੈ :-

**ਮਾਰੂ ਸੋਲਹੇ ਮਹਲਾ ੫।।**
**ਹੁਕਮੇ ਮੁਕਤੀ ਹੁਕਮੇ ਨਰਕਾ।।**
**ਹੁਕਮਿ ਸੈਸਾਰੀ ਹੁਕਮੇ ਭਗਤਾ।।**
**ਹੁਕਮੇ ਹੋਛਾ ਹੁਕਮੇ ਦਾਨਾ**
**ਦੂਜਾ ਨਾਹੀ ਅਵਰੁ ਧੜਾ।।** (ਪੰਨਾ ੧੦੮੧)

ਹੁਕਮ ਮੰਨਣ ਵਿੱਚ ਸਭ ਤੋਂ ਵੱਡੀ ਰੁਕਾਵਟ ਹਉਮੈ ਹੈ। ਅਤੀ ਸੂਖਮ ਹੋਣ ਕਰਕੇ ਸਹੀ ਸਰੂਪ ਵਿੱਚ ਇਸ ਦੀ ਹੋਂਦ ਦਾ ਪਤਾ ਨਹੀਂ ਚੱਲਦਾ। ਹੰਕਾਰ ਦੀ ਟੀਸੀ ਤੇ ਚੜ੍ਹਿਆ ਬੰਦਾ ਕਿਸੇ ਹੋਰ ਨੂੰ ਆਪਣੇ ਤੁੱਲ ਨਹੀਂ ਸਮਝਦਾ। ਉਸ ਦੇ ਅੰਗ ਅੰਗ ਵਿੱਚ ਹਉਮੈ ਬਿੱਖ ਦਾ ਜ਼ਹਿਰੀਲਾ ਖ਼ੂਨ ਗਰਦਸ਼ ਕਰਦਾ ਹੈ। ਪਤਾ ਨਹੀਂ ਉਹ ਕਿਸ ਤੇ ਖਫ਼ਾ ਹੋ ਜਾਵੇ, ਕਦ ਆਪੇ ਤੋਂ ਬਾਹਰ ਹੋ ਜਾਵੇ ਤੇ ਕਿਸ ਨੂੰ ਡੰਗ ਮਾਰ ਦੇਵੇ। ਇਸ ਦਾ ਭੈੜਾ ਲੱਛਣ ਇਹ ਹੈ ਕਿ ਉਸ ਦੀ ਹੰਗਤਾ ਕਿਸੇ ਕੋਲੋਂ ਨੇਕ ਸਾਲਾਹ, ਮਸ਼ਵਰਾ ਜਾਂ ਉਪਦੇਸ਼ ਲੈਣੋਂ ਮਨ੍ਹਾ ਕਰਦੀ ਹੈ। ਕੋਈ ਪ੍ਰਭੂ ਦਾ ਪਿਆਰਾ ਹੀ ਉਸ ਦੇ ਮਨ ਵਿੱਚ ਦ੍ਰਿੜ ਕਰਵਾ ਸਕਦਾ ਹੈ ਕਿ ਭਾਈ, ਤੈਥੋਂ ਵੱਧ ਸਿਆਣੇ ਤੇ ਮਿਹਨਤੀ ਹਨ, ਤਕੜੇ ਤੇ ਬਹਾਦਰ ਹਨ, ਫਿਰ ਵੀ ਤੈਥੋਂ ਰੁਤਬੇ ਵਿੱਚ ਘੱਟ ਹਨ, ਤੂੰ ਆਪਣੀ ਬੁੱਧੀ ਨਾਲ ਨਹੀਂ ਦਾਤਾਰ ਪ੍ਰਭੂ ਦੀ ਬਖਸ਼ਸ਼ ਨਾਲ ਏਨੀ ਉਚਿਆਈ ਤੱਕ ਪਹੁੰਚਿਆ ਹੈਂ। ਉਸ ਦੇ ਹੁਕਮ ਦਾ ਉਪਦੇਸ਼ ਜੇ ਕਿਸੇ ਹਿਰਦੇ ਵਿੱਚ ਵੱਸ ਜਾਵੇ ਤਾਂ ਉਹ ਹੰਕਾਰ ਦੀ ਲਾਗ ਤੋਂ ਬਚ ਸਕਦਾ ਹੈ। ਪਾਵਨ ਹੁਕਮ ਅਸੀਂ ਹਰ ਰੋਜ਼ ਪੜ੍ਹਦੇ ਹਾਂ ਪਰ ਵਿਚਾਰਦੇ ਨਹੀਂ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।**
(ਪੰਨਾ ੧)

ਭੁੱਲਣਹਾਰਾ ਜੀਵ ਵਿਚਾਰਾ ਕੀ ਕਰੇ ? ਉਸ ਮੂਰਖ ਨੂੰ ਨਾ ਵਿਛੋੜੇ ਦਾ ਇਲਮ, ਨਾ ਮਿਲਾਪ ਦੀ ਸੋਝੀ। ਪ੍ਰਭੂ ਨੇ ਉਸ ਨੂੰ ਐਸਾ ਹੀ ਪਾਤਰ ਬਣਾਇਆ ਹੈ। ਜਿਹੜਾ ਜੀਵ ਉਸ ਦੇ ਮਨ ਭਾਇਆ ਹੈ, ਉਸ ਨੂੰ


www.AKJ.Org

ਆਪਣੇ ਨਾਲ ਮਿਲਾਇਆ ਹੈ। ਪਾਵਨ ਹੁਕਮ ਹੈ :-

**ਸੋ ਮਿਲਿਆ ਜਿ ਹਰਿ ਮਨਿ ਭਾਇਆ।।**
**ਸੋ ਭੂਲਾ ਜਿ ਪ੍ਰਭੂ ਭੁਲਾਇਆ।।**
**ਨਹ ਆਪਹੁ ਮੂਰਖੁ ਗਿਆਨੀ।।**
**ਜਿ ਕਰਾਵੈ ਸੁ ਨਾਮੁ ਵਖਾਨੀ।।**
**ਤੇਰਾ ਅੰਤੁ ਨ ਪਾਰਾਵਾਰਾ।।**
**ਜਨ ਨਾਨਕ ਸਦ ਬਲਿਹਾਰਾ।।**

(ਮਾਰੂ ਮਹਲਾ ੫ ਘਰ ੪ ਪੰਨਾ ੧੦੦੪)

ਪਰਮਾਤਮਾ ਦੇ ਹੁਕਮ ਨੂੰ ਸਹੀ ਅਰਥਾਂ ਵਿੱਚ ਜਿਨ ਸਮਝਿਆ ਹੈ, ਉਹ ਪੂਰਨ ਬ੍ਰਹਮ ਗਿਆਨੀ ਹੈ। ਉਸ ਨੂੰ ਹਰੇਕ ਬੰਦੇ ਵਿਚ ਇਕੋ ਜੋਤਿ ਦਾ ਪ੍ਰਕਾਸ਼ ਨਜ਼ਰ ਆਉਂਦਾ ਹੈ। ਘਟ ਘਟ ਵਿੱਚ, ਕਣ ਕਣ ਵਿੱਚ ਉਸ ਦਾ ਅਟੱਲ ਹੁਕਮ ਵਰਤਦਾ ਪਰਤੀਤ ਹੁੰਦਾ ਹੈ। ਕੋਈ ਪੂਰਾ ਹੈ ਜਾਂ ਅਧੂਰਾ, ਮੂਰਖ ਮੁਗਧ ਹੈ ਜਾਂ ਸੁਘੜ ਸਿਆਣਾ, ਸਭ ਕਿਛ ਪ੍ਰਭੂ ਦੀ ਸੁੰਦਰ ਕਲਾ ਹੈ। ਪਾਵਨ ਹੁਕਮ ਹੈ :-

**ਕੋਊ ਊਨ ਨ ਕੋਊ ਪੂਰਾ।।**
**ਕੋਈ ਸੁਘਰੁ ਨ ਕੋਊ ਮੂਰਾ।।**
**ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ।।**
**ਨਾਨਕ ਠਾਕੁਰ ਸਦਾ ਅਲਿਪਨਾ।।** (ਪੰਨਾ ੨੫੨)

ਜੇ ਬੰਦਾ ਸਭ ਕਿਛੁ ਕਰਣੈ ਯੋਗ ਹੋਵੇ ਤਾਂ ਕਿਸੇ ਨੂੰ ਟਿਕਣ ਨ ਦੇਵੇ। ਹਰੇਕ ਬੰਦੇ ਦੀ ਆਪਣੀ ਆਪਣੀ ਸੀਮਾ ਹੈ, ਕੋਈ ਉਸ ਨੂੰ ਪਾਰ ਕਰਕੇ ਕੁਦਰਤ ਦੇ ਸਿਸਟਮ ਵਿੱਚ ਵਿਘਨ ਨਹੀਂ ਪਾ ਸਕਦਾ। ਪੰਚਮ ਪਾਤਸ਼ਾਹ ਨੇ ਸੁਖਮਨੀ ਸਾਹਿਬ ਵਿੱਚ ਫੁਰਮਾਇਆ ਹੈ :-

**ਕਹੁ ਮਾਨੁਖ ਤੇ ਕਿਆ ਹੋਇ ਆਵੈ।।**
**ਜੋ ਤਿਸੁ ਭਾਵੈ ਸੋਈ ਕਰਾਵੈ।।**
**ਇਸ ਕੈ ਹਾਥਿ ਹੋਇ ਤਾਂ ਸਭੁ ਕਿਛੁ ਲੇਇ।।**
**ਜੋ ਤਿਸੁ ਭਾਵੈ ਸੋਈ ਕਰੇਇ।।** (ਪੰਨਾ ੨੭੭)

ਅਕਾਲ ਪੁਰਖ ਦੀ ਅਕਹਿ ਮਹਿਮਾ ਕਥਨ ਤੋਂ ਬਾਹਰ ਹੈ। ਉਸ ਨੇ ਜੋ ਕਿਛ ਮੱਥੇ ਤੇ ਲਿਖਿਆ ਹੈ, ਪ੍ਰਾਣੀ ਨੇ ਉਹੀ ਕਰਮ ਕਰਨਾ ਹੈ। ਧੰਨ ਹੈ ਉਹ ਸੇਵਕ ਜਿਸ ਨੂੰ ਸੇਵਾ ਸਿਮਰਨ ਤੇ ਦਰਸਨ ਪਰਸਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

**ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ।।**
**ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ।।੨।।**

(ਸੋਰਠਿ ਮਹਲਾ ੫ ਘਰ ੧-੬੧੦)

ਦਰਸਨ ਪਰਸ ਕੇ ਉਸ ਸੇਵਕ ਦੀ ਤ੍ਰਿਪਤੀ ਹੋ ਗਈ, ਸਦੀਆਂ ਦੀ ਭੁੱਖ ਮਿਟ ਗਈ। ਹੁਣ ਉਹ ਅਕਾਲ ਪੁਰਖ ਦੇ ਪ੍ਰੇਮ ਵਿੱਚ ਰੰਗਿਆ ਗਿਆ। ਨਿਤਾ ਪ੍ਰਤਿ ਉਸ ਦੀ ਸੁਰਤੀ ਨਾਮ ਜਪਣ ਵਿੱਚ ਹੈ। ਇਸ ਗੱਲ ਨਾਲ ਉਸ ਦਾ ਕੋਈ ਲਗਾਉ ਨਹੀਂ ਕਿ ਇਹ ਮੂਰਖ ਹੈ, ਇਹ ਸਿਆਣਾ ਹੈ, ਉਸ ਨੇ ਇਕੋ ਜਾਣ ਲਿਆ ਹੈ ਕਿ ਇਹ ਪ੍ਰਭੂ ਦਾ ਭਾਣਾ ਹੈ।

**ਮਾਰੂ ਮਹਲਾ ੧**

**ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ।।**
**ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ।।**

(ਪੰਨਾ ੧੦੧੫)

ਜੇ ਅਸਾਂ ਵਿੱਚ ਜ਼ੋਰ ਹੀ ਕੋਈ ਨਹੀਂ ਤਾਂ ਭਾਣਾ ਮਿੱਠਾ ਜਾਨਣ ਵਿੱਚ ਹੀ ਸਦੀਵੀ ਸੁੱਖ ਹੈ। '**ਭਾਣੈ ਉਝੜ ਭਾਣੈ ਰਾਹਾਂ**' ਨੂੰ ਸੀਸ ਨਿਵਾਉਣਾ ਬਣਦਾ ਹੈ। **ਨਾ ਕੋ ਮੂਰਖੁ ਨਾ ਕੋ ਸਿਆਣਾ।। ਸਭ ਕਿਛ ਵਰਤੈ ਤੇਰਾ ਭਾਣਾ।।** (ਪੰਨਾ ੯੮) ਗੁਰਮੁਖਾਂ ਦੀ ਜੀਵਨ ਜੁਗਤੀ ਦਾ ਅੰਗ ਹੈ। ਜੇ ਕੋਈ ਉੱਤਮ ਸਿਆਣਾ ਤੇ ਗੁਰਮੁਖ ਹੈ, ਇਹ ਉਸ ਦੀ ਕ੍ਰਿਪਾ ਦ੍ਰਿਸ਼ਟੀ ਹੈ। ਜੇ ਕੋਈ ਨੀਚ, ਮੂਰਖ ਤੇ ਮਨਮੁਖ ਹੈ, ਇਹ ਦਾਤਾਰ ਦੀ ਰਜ਼ਾ ਹੈ। ਪੰਚਮ ਪਾਤਸ਼ਾਹ ਦੇ ਪਾਵਨ ਬਚਨਾਂ ਅਨੁਸਾਰ ਰਾਮ ਪਿਆਰੇ ਨੂੰ ਵਿਸਾਰਨ ਵਾਲੇ ਮਨਮੁੱਖਾਂ ਨੂੰ ਤ੍ਰਿਸ਼ਨਾਂ, ਲਾਲਚ, ਰੋਗ ਤੇ ਨਰਕ ਘੋਰ ਦਾ ਵਾਸਾ ਨਸੀਬ ਹੁੰਦਾ ਹੈ ਤੇ ਗੁਰਮੁਖਾਂ ਨੂੰ ਸਰਬ ਸੁਖ, ਮਹਾਂ ਅਨੰਦ ਤੇ ਅੰਮ੍ਰਿਤ ਰਸ ਦੀ ਪ੍ਰਾਪਤੀ ਹੁੰਦੀ ਹੈ।

**ਜਿਤੁ ਕੋ ਲਾਇਆ ਤਿਤ ਹੀ ਲਾਗਾ**
**ਤੈਸੋ ਹੀ ਵਰਤਾਰਾ।।**
**ਨਾਨਕ ਸਹ ਪਕਰੀ ਸੰਤਨ ਕੀ**
**ਰਿਦੈ ਭਏ ਮਗਨ ਚਰਨਾਰਾ।।**

(ਸੋਰਠਿ ਮਹਲਾ ੫, ਪੰਨਾ ੬੧੩)

੦੦੦੦੦

*ਜੰਮਣੁ ਮਰਣੁ ਨ ਤਿਨ ਕਉ ਜੋ ਹਰਿ ਲੜਿ ਲਾਗੇ।।*
*ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ।।* (ਪੰਨਾ ੩੨੨)



www.AKJ.Org

# ਪ੍ਰਤੱਖ ਦਰਸ਼ਨ

"ਅਲੌਕਿਕ ਝਲਕਾਂ ਵਿੱਚੋਂ"

ਇਕ ਵਾਰੀ ਕੌਤਕੀ ਪਾਤਸ਼ਾਹ ਨੇ ਅਜੀਬ ਚੋਜ ਰਚਿਆ, ਇਕ ਰੰਗੀਨ ਖੇਡ ਖੇਡੀ। ਰਾਤ ਦੇ ਬਾਰਾਂ ਵਜੇ ਸਨ, ਮਾਤਾ ਰਾਮ ਕੌਰ ਜੀ ਕੰਧ ਨਾਲ ਢਾਸਣਾ ਲਗਾ ਕੇ ਆਪਣੇ ਕਮਰੇ ਵਿੱਚ ਬੈਠੇ ਹੋਏ ਸਨ ਕਿ ਉਨ੍ਹਾਂ ਦੇ ਸਾਹਮਣੇ ਦੋ ਉੱਚੇ ਲੰਬੇ ਸਿੰਘ ਆ ਕੇ ਖੜ੍ਹ ਗਏ ਅਤੇ ਮਾਤਾ ਜੀ ਨੂੰ ਕਹਿਣ ਲੱਗੇ ਕਿ ਬਾਹਰ ਖੜ੍ਹੇ ਗੁਰੂ ਜੀ ਉਨ੍ਹਾਂ ਨੂੰ ਬੁਲਾ ਰਹੇ ਹਨ। ਮਾਤਾ ਜੀ ਨੂੰ ਇਹਨਾਂ ਓਪਰੇ ਬੰਦਿਆਂ ਦੀਆਂ ਗੱਲਾਂ ਕੁਝ ਅਜੀਬ ਜਿਹੀਆਂ ਲੱਗੀਆਂ। ਉਹ ਸੁਚੇਤ ਹੋ ਗਏ ਅਤੇ ਪੁੱਛਣ ਲੱਗੇ ਕਿ ਕਿਹੜੇ ਗੁਰੂ ਜੀ ਬੁਲਾ ਰਹੇ ਹਨ ਤੇ ਕਿਉਂ ਬੁਲਾ ਰਹੇ ਹਨ ? ਸਿੰਘਾਂ ਨੇ ਬੜੇ ਅਦਬ ਸਤਿਕਾਰ ਨਾਲ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੁਲਾ ਰਹੇ ਹਨ। ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਹੀ ਉਹ ਮਾਤਾ ਜੀ ਨੂੰ ਬਾਹਰ ਜਾਣ ਲਈ ਬੇਨਤੀ ਕਰਦੇ ਪਏ ਹਨ। ਮਾਤਾ ਜੀ ਨੂੰ ਉਨ੍ਹਾਂ ਦੀ ਗੱਲ ਉੱਤੇ ਜ਼ਰਾ ਜਿੰਨਾ ਵੀ ਯਕੀਨ ਨਾ ਆਇਆ ਕਿਉਂਕਿ ਕੁਝ ਦਿਨ ਪਹਿਲਾਂ ਮਾਤਾ ਜੀ ਦੇ ਘਰ ਵਿੱਚ ਚੋਰੀ ਹੋ ਚੁੱਕੀ ਸੀ। ਇਸ ਲਈ ਉਹ ਚੁਕੰਨੇ ਹੋ ਗਏ ਤੇ ਸਾਫ਼ ਸਾਫ਼ ਕਹਿਣ ਲੱਗੇ ਕਿ ਓਪਰੇ ਬੰਦਿਆਂ ਦੇ ਕਹੇ ਲਗ ਕੇ ਉਹ ਕਮਰੇ ਵਿਚੋਂ ਬਾਹਰ ਜਾਣ ਦੀ ਗਲਤੀ ਨਹੀਂ ਕਰਨਗੇ। ਉਨ੍ਹਾਂ ਨੇ ਅਣਪਛਾਤੇ ਬੰਦਿਆਂ ਨੂੰ ਘਰੋਂ ਬਾਹਰ ਚਲੇ ਜਾਣ ਲਈ ਕਿਹਾ ਪਰ ਉਹ ਦੋਨੋਂ ਮਾਤਾ ਜੀ ਨੂੰ ਬਾਹਰ ਜਾਣ ਲਈ ਪ੍ਰੇਰਦੇ ਰਹੇ। ਉਧਰ ਮਾਤਾ ਜੀ ਵੀ ਅੜੇ ਰਹੇ। ਚੁਕੰਨੇ ਹੋ ਕੇ ਇਹੋ ਹੀ ਕਹਿੰਦੇ ਰਹੇ ਕਿ ਜੇਕਰ ਸੱਚੀ ਮੁੱਚੀਂ ਗੁਰੂ ਜੀ ਹੁੰਦੇ ਤਾਂ ਉਨ੍ਹਾਂ ਨੂੰ ਬਾਹਰ ਖੜੇ ਹੋਣ ਦੀ ਕੀ ਜ਼ਰੂਰਤ ਸੀ, ਉਨ੍ਹਾਂ ਨੇ ਤਾਂ ਅੰਦਰ ਆ ਜਾਣਾ ਸੀ। ਸਿੰਘ ਬੇਨਤੀਆਂ ਕਰਨ ਵਿੱਚ ਲੱਗੇ ਰਹੇ ਤੇ ਅਖੀਰ ਬੀਮਾਰੀ ਦੀ ਹਾਲਤ ਵਿੱਚ ਤੁਰ ਫਿਰ ਨਾ ਸਕਣ ਵਾਲੇ ਮਾਤਾ ਜੀ ਨੂੰ ਆਸੇ ਪਾਸੇ ਬਾਹਾਂ ਤੋਂ ਫੜ ਕੇ ਸਹਾਰਾ ਦਿੰਦੇ ਹੋਏ ਬਾਹਰ ਲੈ ਆਏ। ਕਮਰੇ ਦੇ ਦਰਵਾਜ਼ੇ ਕੋਲ ਆ ਕੇ ਜਦੋਂ ਮਾਤਾ ਜੀ ਨੇ ਬਾਹਰ ਕੁੱਝ ਨਾ ਦੇਖਿਆ ਤਾਂ ਫਿਰ ਉਨ੍ਹਾਂ ਨੇ ਉਹੀ ਸ਼ਬਦ ਦੁਹਰਾਏ ਕਿ ਉਹ ਦੋਨੋਂ ਝੂਠ ਬੋਲਦੇ ਹਨ।

ਕਮਰੇ ਦੇ ਹਨ੍ਹੇਰੇ ਵਿਚੋਂ ਬਾਹਰ ਨਿਕਲ, ਤਾਰਿਆਂ ਦੀ ਲੋਅ ਵਿੱਚ ਜਦੋਂ ਮਾਤਾ ਜੀ ਨੇ ਸਿੰਘਾਂ ਦੇ ਚੇਹਰਿਆਂ ਉੱਤੇ ਦਗ ਦਗ ਕਰਦਾ ਇਲਾਹੀ ਜਲਾਲ ਦੇਖਿਆ ਤਾਂ ਉਨ੍ਹਾਂ ਨੂੰ ਕੁੱਝ ਕਹਿਣ ਦਾ ਹੌਸਲਾ ਨਾ ਪਿਆ। ਸਿੰਘਾਂ ਦੇ ਕਹਿਣ ਉੱਤੇ ਉਨ੍ਹਾਂ ਦੋ ਚਾਰ ਕਦਮ ਅੱਗੇ ਪੁੱਟੇ ਤਾਂ ਸੱਜੇ ਪਾਸਿਓਂ ਇੱਕ ਨੂਰੀ ਚਾਨਣ ਦਾ ਝਲਕਾਰਾ ਪਿਆ। ਕਿਰਣਾਂ ਦੇ ਭੰਡਾਰ ਵੱਲ ਜਾਣ ਲਈ ਜਦ ਉਹ ਉਸੇ ਪਾਸੇ ਮੁੜੇ ਤਾਂ ਸਾਹਮਣੇ ਸੱਚੀਂ ਮੁੱਚੀ ਨੀਲੇ ਘੋੜੇ ਉੱਤੇ ਸਵਾਰ ਨੂਰਾਨੀ ਨੁਹਾਰ ਵਾਲੇ ਸੋਹਣੇ ਪ੍ਰੀਤਮ ਖੜ੍ਹੇ ਸਨ। ਮਾਤਾ ਜੀ ਦੇ ਪੈਰ ਉੱਥੇ ਹੀ ਜੰਮ ਗਏ, ਨਜ਼ਰਾਂ ਗੁਰੂ ਸਾਹਿਬ ਉੱਤੇ ਜੰਮ ਗਈਆਂ, ਜ਼ੁਬਾਨ ਸੂਤੀ ਗਈ। ਕਹਿਣ ਨੂੰ ਕੋਈ ਸ਼ਬਦ ਨਾ ਮਿਲੇ, ਖੁਸ਼ੀਆਂ ਨਾਲ ਮਨ ਉੱਛਲ ਉੱਛਲ ਪਏ। ਚਾਓ ਅਤੇ ਉਮਾਓ ਦੇ ਹੜ੍ਹ ਐਸੇ ਆਏ ਕਿ ਸਾਰੀ ਹੋਸ਼ ਰੁੜ੍ਹਾ ਕੇ ਲੈ ਗਏ। ਕੁਝ ਪਲ ਇਸੇ ਤਰ੍ਹਾਂ ਹੀ ਡੌਰੇ ਭੌਰੇ ਹੋ ਕੇ ਦੇਖਣ ਪਿੱਛੋਂ ਮਨ ਟਿਕਾਓ ਵਿੱਚ ਆਇਆ ਤਾਂ ਭਾਗਾਂ ਦੇ ਸਿਤਾਰੇ ਚਮਕਣ ਦਾ ਅਹਿਸਾਸ ਹੋਇਆ। ਫਿਰ ਕੌਤਕੀ ਸਤਿਗੁਰਾਂ ਨੂੰ ਆਪਣਾ ਕਹਿਣ ਉੱਤੇ ਸ਼ੰਕਾਂ ਉਤਪਨ ਹੋ ਗਿਆ ਕਿ ਜੋ ਸ਼ਕਲ ਫੋਟੋ ਉੱਤੇ ਹੈ, ਉਸ ਨਾਲੋਂ ਤਾਂ ਇਹ ਫਰਕ ਹੈ, ਇਹ ਤਾਂ ਬਹੁਤ ਹੀ ਜਿਆਦਾ ਸੋਹਣੇ ਹਨ। ਅਚਨਚੇਤ ਇੰਨੀ ਵੱਡੀ ਮੇਹਰ ਹੋ ਜਾਣੀ ........ ਮਾਤਾ ਜੀ ਨੂੰ ਯਕੀਨ ਨਹੀਂ ਸੀ ਆ ਰਿਹਾ। ਉਨ੍ਹਾਂ ਆਪਣੇ ਆਪ ਕੋਲੋਂ ਪੁਛਿਆਂ, *"ਕੀ ਇਹ ਉਹੀ ਨੂਰ ਹੈ ਜਿਸ ਨੂੰ ਦੇਖਣ ਲਈ ਅੱਜ ਤੱਕ ਅੱਖੀਆਂ ਤਰਸਦੀਆਂ ਰਹੀਆਂ ? ਕਿਤੇ ਭੁੱਲ ਕੇ ਕਿਸੇ ਹੋਰ ਨੂੰ ਹੀ ਆਪਣਾਂ ਪ੍ਰੀਤਮ ਨਾ ਕਹਿ ਬੈਠਾ।"* ਜਨਮਾਂ ਜਨਮਾਂਤਰਾਂ ਦੇ ਪਿਆਰ ਨੂੰ ਪਛਾਨਣ ਲਈ ਮਨ ਡੋਲ ਰਿਹਾ ਸੀ ਕਿ ਮਾਤਾ ਜੀ ਦੇ ਮੂੰਹ ਉੱਤੇ ਚਾਨਣ ਦਾ ਚਮਕਾਰਾ ਬਿਜਲੀ ਵਾਂਗੂੰ ਪਿਆ, ਜਿਸ ਨਾਲ ਸਾਰੇ ਸ਼ੰਕੇ ਦੂਰ ਹੋ ਗਏ। ਬਿਮਾਰੀ ਦੀ ਕਮਜ਼ੋਰੀ ਕਿਧਰੇ ਉੱਡ ਗਈ। ਜ਼ੋਸ਼ ਵਿੱਚ ਆਕੇ ਝਟਕਾ ਦੇ ਕੇ ਉਨ੍ਹਾਂ ਸਿੰਘਾਂ ਕੋਲੋਂ ਬਾਹਾਂ ਛੁਡਾ ਲਈਆਂ ਤੇ ਗੁਰੂ ਚਰਨਾਂ ਵਿੱਚ ਢਹਿ ਪੈਣ ਲਈ ਹਵਾ ਵਾਂਗੂੰ ਦੌੜੇ। ਜਾਂਦਿਆਂ ਹੀ ਉਨ੍ਹਾਂ ਰਕਾਬ ਵਿੱਚ ਟਿਕੇ ਚਰਨ ਕਮਲਾਂ ਨੂੰ ਰਕਾਬ ਸਮੇਤ ਦੋਨਾਂ ਹੱਥਾਂ ਨਾਲ ਫੜ ਕੇ ਉੱਪਰ ਆਪਣਾ ਸੀਸ ਰੱਖ ਦਿੱਤਾ। ਚਰਨਾਂ ਦੀ ਛੋਹ ਰਾਹੀਂ ਗੁਰੂ-ਸੰਗਮ ਦੀਆਂ ਅਨੰਦ-ਮਈ ਲਹਿਰਾਂ ਸਾਰੇ ਸਰੀਰ ਵਿੱਚ ਦੌੜ ਗਈਆਂ। ਭਿੱਜ ਗਏ ਸਾਰੇ ਦੇ ਸਾਰੇ ਖੁਸ਼ੀਆਂ ਦੀ ਬੁਛਾੜ ਵਿੱਚ। ਅਨੰਦ-ਹੁਲਾਰਿਆਂ ਦੀ ਲਪੇਟ ਵਿੱਚ ਐਸੇ ਜਕੜੇ ਗਏ ਕਿ ਅੱਖੀਆਂ ਮੁੰਦ ਗਈਆਂ। ਸੁੱਧ ਬੁੱਧ ਬਿਸਰ ਗਈ। ਖੁਸ਼ੀ ਦੇ ਹੰਝੂ ਮੋਤੀ ਬਣ ਕੇ ਸਤਿਗੁਰਾਂ ਦੇ ਚਰਨਾਂ ਉੱਤੇ ਕਿਰ ਕਿਰ ਸੱਜਣ ਲੱਗੇ ਏਨੀ ਵੀ ਹਿੰਮਤ ਨਾ ਰਹੀ ਕਿ ਪਿਆਰੇ ਸਤਿਗੁਰ ਦੇ ਦਰਸ਼ਨ ਕਰਨ ਲਈ ਮੂੰਹ ਉੱਪਰ ਚੁੱਕ ਕੇ ਅੱਖੀਆਂ ਖੋਹਲ ਲਵਾਂ। ਦੋਨਾਂ ਹੱਥਾਂ ਵਿੱਚ ਚਰਨ ਫੜ ਸੀਸ ਨਾਲ ਲਗਾਈ ਪੱਥਰ ਦੀ ਮੂਰਤੀ ਖੜ੍ਹੇ ਰਹੇ। ਸਾਰੀਆਂ ਖੁਸ਼ੀਆਂ ਸਮੇਟ ਕੇ ਇਕੱਠੀਆਂ ਹੋਈਆਂ ਅਤੇ ਉਨ੍ਹਾਂ ਦੇ ਅੰਦਰ ਧੱਸ ਗਈਆਂ।

ccccc


www.AKJ.Org

# ਗੁਰਸਿਖੀ ਬਾਰੀਕ ਹੈ

੧. ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।੨੦।।

(ਮ: ੧, ਪੰਨਾ ੧੪੧੨)

ਹੇ ਭਾਈ ! ਜੇ ਤੈਨੂੰ ਪ੍ਰਭੂ-ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ ਤੇ ਰੱਖ ਕੇ ਮੇਰੀ ਗਲੀ ਵਿੱਚ ਆ। ਇਸ ਰਸਤੇ ਤੇ ਤਾਂ ਹੀ ਪੈਰ ਧਰਿਆ ਜਾ ਸਕਦਾ ਹੈ ਜੇ ਸੀਸ ਭੇਟ ਕੀਤਾ ਜਾਏ ਪਰ ਕੋਈ ਝਿਜਕ ਨਾ ਕੀਤੀ ਜਾਏ ਭਾਵ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਏ।

੨. ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।।

(ਸਲੋਕ ਮ: ੫, ਪੰਨਾ ੧੧੦੨)

ਹੇ ਬੰਦੇ ! ਪਹਿਲਾਂ ਮਰਨਾ ਕਬੂਲ ਕਰ, ਜੀਵਨ (ਜ਼ਿੰਦਗੀ) ਦੀ ਆਸ ਛੱਡ ਦੇ, ਸਾਰਿਆਂ ਦੇ ਚਰਨਾ ਦੀ ਧੂੜ ਬਣ ਜਾ, ਫੇਰ ਮੇਰੇ ਕੋਲ ਆ।

੩. ਮਾਨ ਮੋਹ ਮੇਰ ਤੇਰ ਬਿਬਰਜਿਤ,
ਏਹੁ ਮਾਰਗੁ ਖੰਡੇ ਧਾਰ।।

(ਦੇਵਗੰਧਾਰੀ ਮ: ੫, ਪੰਨਾ ੫੩੪)

ਹੇ ਭਾਈ ! ਇਹ ਰਸਤਾ ਖੰਡੇ ਦੀ ਧਾਰ ਵਰਗਾ ਬਰੀਕ ਹੈ, ਇਸ ਮਾਰਗ ਦੇ ਪਾਂਧੀਆਂ ਲਈ ਅਹੰਕਾਰ, ਮੋਹ, ਮੇਰ ਤੇਰ ਬਿਬਰਜਿਤ (ਮਨ੍ਹਾ) ਹੈ।

੪. ਗੁਰਸਿਖੀ ਬਾਰੀਕ ਹੈ,ਖੰਡੇਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨਾ ਭੁਣਹਣਾ, ਚਲਿ ਨ ਸਕੈ ਉਪਰਿ ਕੀੜੀ।

(ਭਾ: ਗੁਰਦਾਸ ਵਾਰ ੧੧/੫)

ਗੁਰਸਿੱਖੀ ਬਾਰੀਕ ਹੈ, ਖੰਡੇ ਦੀ ਧਾਰ ਵਰਗੀ ਬਹੁਤ ਹੀ ਭੀੜੀ ਗਲੀ ਹੈ। ਉਸ ਰਸਤੇ ਤੇ ਭੀਂ ਭੀਂ ਕਰਨ ਵਾਲਾ ਮੱਛਰ (ਰੌਲਾ ਰੱਪਾ ਪਾਉਣ ਵਾਲਾ ਮਨੁੱਖ) ਨਹੀਂ ਟਿਕ ਸਕਦਾ। ਇਹ ਰਸਤਾ ਇੰਨਾ ਬਾਰੀਕ ਹੈ ਕਿ ਇਸ ਤੇ ਕੀੜੀ ਵੀ ਤੁਰ ਨਹੀਂ ਸਕਦੀ।

੫. ਭਗਤਾ ਕੀ ਚਾਲ ਨਿਰਾਲੀ।।
ਚਾਲਾ ਨਿਰਾਲੀ ਭਗਤਾਹ ਕੇਰੀ,
ਬਿਖਮ ਮਾਰਗਿ ਚਲਣਾ।।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ,
ਬਹੁਤੁ ਨਾਹੀ ਬੋਲਣਾ।।
ਖੰਨਿਅਹੁ ਤਿਖੀ, ਵਾਲਹੁ ਨਿਕੀ,
ਏਤੁ ਮਾਰਗਿ ਜਾਣਾ।।

(ਰਾਮਕਲੀ ਮ: ੩, ਪੰਨਾ ੯੧੮)

ਭਗਤਾਂ ਦੀ ਚਾਲ ਨਿਰਾਲੀ ਹੀ ਹੈ, ਉਹ ਬੜੇ ਔਖੇ ਰਸਤੇ ਉਤੇ ਤੁਰਦੇ ਹਨ। ਉਹ ਲੱਬ ਲੋਭ, ਅਹੰਕਾਰ ਅਤੇ ਮਾਇਆ ਦੀ ਤ੍ਰਿਸ਼ਨਾ ਤਿਆਗਦੇ ਹਨ ਅਤੇ ਬਹੁਤਾ ਨਹੀਂ ਬੋਲਦੇ। ਇਸ ਰਸਤੇ ਉੱਤੇ ਤੁਰਨਾ ਬੜੀ ਔਖੀ ਖੇਡ ਹੈ ਕਿਉਂਕਿ ਇਹ ਰਸਤਾ ਖੰਡੇ ਦੀ ਧਾਰ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਪਤਲਾ ਹੈ।

ooooo

## ਜੀਵਨ ਬਿਉਰਾ
## ਸ੍ਰੀ ਗੁਰੂ ਗੋਬਿੰਦ ਸਿੰਘ ਜੀ

੧. **ਜਨਮ** :– ਪੋਹ ਸੁਦੀ ੭ (੨੩ ਪੋਹ) ਸੰਮਤ ੧੭੨੩ (੨੨-੧੨-੧੬੬੬) ਪਟਨਾ ਸਾਹਿਬ (ਬਿਹਾਰ)।
੨. **ਮਾਤਾ ਪਿਤਾ** :– ਮਾਤਾ ਗੁਜਰੀ ਜੀ, ਪਿਤਾ ਗੁਰੂ ਤੇਗ ਬਹਾਦਰ ਜੀ।
੩. **ਮਹਿਲ (ਸੁਪਤਨੀ)** :– (1) ਅਜੀਤ ਕੌਰ / ਸੁੰਦਰ ਕੌਰ (2) ਸਾਹਿਬ ਕੌਰ (ਕੁਆਰਾ ਡੋਲਾ)
੪. **ਸੰਤਾਨ** :– (1) ਅਜੀਤ ਸਿੰਘ (2) ਜੁਝਾਰ ਸਿੰਘ (3) ਜ਼ੋਰਾਵਰ ਸਿੰਘ (4) ਫਤਿਹ ਸਿੰਘ
੫. **ਗੁਰਿਆਈ** :– ਮੱਘਰ ਸੁਦੀ ੫ (੧੧ ਮੱਘਰ) ਸੰਮਤ ੧੭੩੨ (੧੧-੧੧-੧੬੭੫)
੬. **ਖਾਲਸੇ ਦੀ ਸਾਜਨਾ** :– ਪਹਿਲੀ ਵੈਸਾਖ, ਸੰਮਤ ੧੭੫੬ (੩੦-੩-੧੬੯੯)
੭. **ਅਸਥਾਨ ਰਚੇ** :– ਕੇਸਗੜ੍ਹ, ਫਤਿਹ ਗੜ੍ਹ, ਹੋਲ ਗੜ੍ਹ, ਅਨੰਦ ਗੜ੍ਹ, ਲੋਹ ਗੜ੍ਹ (ਸਾਰੇ ਹੀ ਅਨੰਦਪੁਰ ਸਾਹਿਬ ਵਿਖੇ), ਪਾਉਂਟਾ ਸਾਹਿਬ (ਹਿਮਾਚਲ)। ਅਬਚਲ ਨਗਰ (ਨੰਦੇੜ, ਮਹਾਂਰਾਸ਼ਟਰ)।
੮. **ਯੁੱਧ** :– (1) ਭੰਗਾਣੀ (2) ਨਦੌਣ (3) ਗੁਲੇਰ / ਹੁਸੈਨੀ (4) ਅਨੰਦਪੁਰ (5) ਚਮਕੌਰ (6) ਮੁਕਤਸਰ।
੯. **ਜੋਤੀ ਜੋਤ ਸਮਾਏ** :– ਕੱਤਕ ਸੁਦੀ ੫ (੬ ਕੱਤਕ) ਸੰਮਤ ੧੭੬੫ (੭-੧੦-੧੭੦੮) ਨੰਦੇੜ (ਮਹਾਂਰਾਸ਼ਟਰ)
੧੦. **ਕੁਲ ਉਮਰ** :– ੪੨ ਸਾਲ

ooooo


www.AKJ.org

## ਜ਼ਾਹਰ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ

(ਭਾਈ ਰਣਧੀਰ ਸਿੰਘ ਜੀ)

ਨੈਨ ਮਿਚ ਰਹੇ ਪਿਖਿ ਝਲਕ ਜ਼ਹੂਰ ਨੂਰ,
ਖਿਚਿ ਰਹੀ ਘਟਿ ਤਸਵੀਰ ਅਸੀਰੜੀ।
ਅੱਖੀਆਂ ਉਘੜੀਆਂ ਨਾ ਮੁੜੀਆਂ ਸੁਰਤਿ ਲ਼ਿਵ,
ਲੱਗ ਰਹੀ ਤਾੜੀ ਜੋਤਿ ਰਸਕਿ ਰਸੀਰੜੀ।
ਪੂਰਿ ਰਹੀ ਦਿੱਬਯ ਜੋਤਿ ਨਭ ਅਤੇ ਨਾਭ ਵਿਖੇ,
ਅਧਿਭੁਤ ਝਾਰੀ ਰਸ ਜੋਤਿ ਬਿਸਮੀਰੜੀ।
ਰਸੀਆ ਰੀਸਾਲੂ ਝਾਲੂ ਰਮਿ ਸੇਜੜੀ ਤੇ ਭੋਗ ਲਾਵੇ,
ਆਤਮ-ਅਨੰਦ ਭੋਗ ਗਤਿ ਅਜਬੀਰੜੀ।

ਆਤਮ ਸੰਜੋਗ ਭੋਗ ਸਿਖਨ ਸੁਹਾਗ ਭਾਗ,
ਅਮੀ ਅੰਸ ਜਾਗ ਲਾਏ ਤੇਜ ਵਿਦਤਾਏ ਹੈਂ।
ਸਰਧਨ ਸਰਧਾਲੂ ਜੋਤਿ ਜਗਤ ਜਗਾਲੂ ਜਨਾਂ,
ਸਨਮੁਖ ਹੋਇ ਦਿਬ ਦਰਸ ਦਿਖਾਏ ਹੈਂ।
ਰਾਵਲ ਰੀਸਾਲੂ ਜਲਵੇਸ਼ ਸੁੰਦਰੇਸ਼ ਸਰੂਪ,
ਜੋਤਿ ਪ੍ਰਚੰਡ ਕਰਿ ਆਪ ਪ੍ਰਗਟਾਏ ਹੈਂ।
ਗੁਰਮੁਖ ਅਨਿੰਨ ਸਿਖਨ ਕੇ ਰਿਦੇ ਮਝਾਰ,
ਧਾਰਿ ਅਵਤਾਰ ਕਲਗੇਸ਼ ਗੁਰੂ ਆਏ ਹੈਂ।

('ਦਰਸ਼ਨ ਝਲਕਾਂ' ਵਿੱਚੋਂ)

ooooo

## ਚੇਤਾਵਨੀ

(ਗਿ: ਗੋਪਾਲ ਸਿੰਘ ਮਿੱਤਰ)

ਅੰਮ੍ਰਿਤ ਵੇਲੇ ਉਠ ਕੇ ਜੇਕਰ ਸਿਫ਼ਤ ਪ੍ਰਭੂ ਦੀ ਗਾਵੇਂ-
-ਜੀਵਨ ਪਾਵੇਂ।
ਯਾਦ ਸਾਈਂ ਦਾ ਭਰਿਆ ਪਿਆਲਾ, ਬੁੱਲ੍ਹਾਂ ਨਾਲ ਛੁਹਾਵੇਂ-
- ਉਸਨੂੰ ਭਾਵੇਂ।
ਹਰ ਪਾਸੇ ਹੀ ਸੱਜਣ ਦਿੱਸੇ ਐਸੀ ਅੱਖ ਬਣਾ ਲੈ-
-ਸੁਰਮਾ ਪਾ ਲੈ।
ਸੂਰਤ ਉਹ ਰੰਗੀਨ ਦਿਸੀਵੇ, ਐਸੀ ਐਨਕ ਲਾ ਲੈ-
-ਸੁਰਤ ਰੰਗਾ ਲੈ।
ਕਣ ਕਣ ਅੰਦਰ ਸਾਜਨ ਵਸਦਾ, ਖੁੱਲ੍ਹੇ ਕਰ ਦੀਦਾਰੇ-
-ਮੇਰੇ ਪਿਆਰੇ।
ਸਾਰੀ ਹੀ ਪਰਕਿਰਤੀ ਅੰਦਰ ਦਿੱਸਣ ਖੇਲ ਨਿਆਰੇ-
-ਜਲਵੇ ਸਾਰੇ।
ਭੰਨੇ ਘੜੇ ਸੰਵਾਰੇ ਸਾਜੇ, ਉਸਦੀ ਆਪਣੀ ਲੀਲ੍ਹਾ-
-ਰੰਗ ਰੰਗੀਲਾ।
ਜਿਸ ਨੂੰ ਕੋਈ ਨ ਦਏ ਆਸਰਾ, ਉਸ ਦਾ ਬਣੇ ਵਸੀਲਾ-
-ਛੈਲ ਛਬੀਲਾ।
ਡਿਗਿਆ ਰਹੇ ਹਮੇਸ਼ਾਂ ਦਰ ਤੇ ਗਲ ਵਿੱਚ ਪੱਲਾ ਪਾ ਕੇ-
-ਸਿਦਕ 'ਚ ਆਕੇ।
ਪਾਰ ਕਰੇਗਾ ਭਵ ਸਾਗਰ ਤੋਂ, ਨਜ਼ਰਾਂ ਵਿੱਚ ਲਿਆਕੇ-
-ਆਪ ਉਠਾ ਕੇ।

ooooo

## ਗੁਰਮਖਾਂ ਦੀ ਸੰਗਤ

ਇੱਕ ਵਾਰੀ ਭਾਈ ਹਰਿਬਚਨ ਸਿੰਘ ਜੀ ਕਰਨਲ ਪਿਆਰਾ ਸਿੰਘ ਦੇ ਘਰ ਹੋਏ ਸਨ। ਰਾਤ ਗੱਡੀ ਉਹਨਾਂ ਵਾਪਸ ਪਰਤਣਾ ਸੀ।ਸਭ ਤਿਆਰੀ ਮੁਕੰਮਲ ਹੋ ਚੁੱਕੀ ਸੀ। ਸ਼ਾਮੀ ਕੁੱਝ ਸਿੰਘ ਆਪ ਜੀ ਨੂੰ ਮਿਲਨ ਆ ਗਏ। ਉਹਨਾਂ ਨੇ ਕੁੱਝ ਦਿਨ ਹੋਰ ਰੁਕਣ ਲਈ ਬੇਨਤੀ ਕਿਤੀ, ਪਰ ਭਾਈ ਸਾਹਿਬ ਨਾ ਮੰਨੇ । ਇਕ ਸਿੰਘ ਨੇ ਕਰਨਲ ਸਾਹਿਬ ਨੂੰ ਵੱਖਰੇ ਆ ਕੇ ਪ੍ਰੇਰਿਆ ਕਿ ਭਾਈ ਸਾਹਿਬ ਨੂੰ ਇਕ ਦਿਨ ਲਈ ਹੋਰ ਠਹਿਰਾ ਲਓ। ਕਰਨਲ ਸਾਹਿਬ ਕਹਿਣ ਲੱਗੇ, ਜੁਗਤੀ ਤੁਹਾਨੂੰ ਮੈਂ ਦੱਸ ਦਿੰਦਾ ਹਾਂ, ਅਗੋਂ ਜਿਵੇ ਗੁਰੂ ਨੂੰ ਭਾਵੇ।

'ਸੋਦਰੁ' ਦਾ ਸਮਾਂ ਹੋ ਗਿਆ ਸੀ। ਸਭ ਨੇ ਮਿਲ ਕੇ ਸੋਦਰ ਦਾ ਪਾਠ ਕੀਤਾ। ਅਜੇ ਗੱਡੀ ਲਈ ਕਾਫੀ ਟਾਈਮ ਸੀ। ਕਰਨਲ ਸਾਹਿਬ ਦੇ ਸੁਭਾਅ ਅਨੁਸਾਰ ਇੱਕ ਸਿੰਘ ਨੇ ਬੜੇ ਪਿਆਰ ਨਾਲ ਭਾਈ ਹਰਿਬਚਨ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਚਲੋ ਤਾਂ ਤੁਸਾਂ ਜਾਣਾ ਹੀ ਹੈ,ਜਾਣ ਤੋਂ ਪਹਿਲਾਂ ਇਕ ਸਬਦ ਹੀ ਸੁਣਾ ਜਾਓ। ਭਾਈ ਸਾਹਿਬ ਨਾਂਹ ਨਾ ਕਰ ਸਕੇ। ਹਜੂਰੀ ਵਿਚ ਹੀ ਪਾਠ ਹੋਇਆ ਸੀ। ਉੱਥੇ ਹੀ ਸਾਜ਼ ਖੁੱਲ੍ਹ ਗਏ । ਭਾਈ ਸਾਹਿਬ ਨੇ ਸ਼ਬਦ ਲਿਆ :-

**ਸਾਜਨਾ ਸੰਤ ਆਓ ਮੇਰੈ।।੧।।ਰਹਾਉ।।**
**ਆਨਦਾ ਗੁਣ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ।।੧।।** (ਪੰਨਾ੧੩੦੧)

ਅਤੇ, ਜਦੋਂ ਇਸ ਤੋਂ ਅਗਲੀ ਤੁੱਕ ਪੜ੍ਹਣੀ ਸ਼ੁਰੂ ਕੀਤੀ -
**ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ।। ੨।।**
ਤਾਂ ਬਸ,ਇਸੇ 'ਸੰਤ ਚਰਨ ਧਰਉ ਮਾਥੈ' ਵਾਲੀ ਤੁਕ ਤੇ ਸ਼ਬਦ-ਸੁਰਤਿ ਦਾ ਐਸਾ ਮੇਲ ਹੋਇਆ ਕਿ ਸਾਰੀ ਰਾਤ ਸੰਗਤ ਹਜੂਰੀ ਵਿਚ ਅਭਿਆਸ ਕਰਦੀ ਰਹੀ ।

ਭਾਈ ਸਾਹਿਬ ਭੀ ਸਮਾਧੀ ਅਵਸਥਾ ਵਿਚ ਮੌਨ ਰਹੇ, ਹੱਥ ਵਾਜੇ ਤੇ ਹੀ ਟਿਕੇ ਰਹੇ। ਅੰਮ੍ਰਿਤ ਵੇਲੇ ਕਿਤੇ ਪੰਜ ਕੁ ਵਜੇ ਫਿਰ ਉਸੇ' ਸੰਤ ਚਰਨ ਧਰਉ ਮਾਥੈ ' ਵਾਲੀ ਤੁਕ ਤੋਂ ਆਪ ਨੇ ਕੀਰਤਨ ਅਰੰਭ ਕੀਤਾ ਤੇ ਛੇ ਕੁ ਵਜੇ ਸਮਾਪਤੀ ਹੋਈ। ਇਉਂ ਸਿੰਘਾ ਨੇ ਭਾਈ ਸਾਹਿਬ ਦੀ ਸੰਗਤ ਦੇ ਖੂਬ ਅਨੰਦ ਮਾਣੇ

(ਪ੍ਰੋ: ਗੁਰਮੁਖ ਸਿੰਘ)


www.AKJ.Org

# ਸਿਦਕੀ ਸਿੰਘਾਂ ਦੀ ਟੇਕ ਤੇ ਫ਼ੌਲਾਦੀ ਸਪਿਰਟ

(ਗਿਆਨੀ ਜਸਮੇਰ ਸਿੰਘ ਜੀ)

ਚਮਕੌਰ ਸਾਹਿਬ ਦੀ ਜੰਗ ਸਿੱਖ ਇਤਿਹਾਸ ਦਾ ਮੀਲ ਪੱਥਰ ਹੈ। ਕਰਬਲਾ ਵਿੱਚ ਹਸਨ ਹੁਸੈਨ ਨੇ ਸਹਾਦਤਾਂ ਪਾਈਆਂ ਸਨ, ਚਮਕੌਰ ਵਿਖੇ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਨੇ ਲਾੜੀ ਮੌਤ ਨੂੰ ਵਿਆਹਿਆ ਸੀ। ਸੰਸਾਰ ਦੇ ਇਤਿਹਾਸ ਵਿੱਚ ਚਮਕੌਰ ਦੇ ਸਾਮਾਨ ਕੋਈ ਸਾਕਾ ਨਹੀਂ। ਕਰਬਲਾ ਦੇ ਮੈਦਾਨ ਵਿੱਚ ਰੇਤ ਦੇ ਟਿੱਬੇ ਤੇ ਖਜੂਰਾਂ ਦੇ ਝੁੰਡ ਹਨ, ਇਵੇਂ ਹੀ ਚਮਕੌਰ ਸਾਹਿਬ ਵੀ ਰੇਤ ਦੇ ਟਿੱਬੇ ਤੇ ਖਜੂਰਾਂ ਦੇ ਵਿਚਕਾਰ ਘਿਰਿਆ ਹੋਇਆ ਹੈ। ਸਿੰਘਾਂ ਨੇ ਅਦੁੱਤੀ ਬਹਾਦਰੀ ਦੇ ਕਾਰਨਾਮੇ ਇਥੇ ਕਰ ਵਿਖਾਏ, ਉਨ੍ਹਾਂ ਨਾਲ ਰੁਸਤਮ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਸਿਕੰਦਰ, ਨਿਪੋਲੀਅਨ ਬੋਨਾ ਪਾਰਟ, ਨੈਲਸਨ ਤੇ ਸਪਾਰਟਾ ਦੇ ਯੋਧੇ ਮਾਤ ਪੈ ਜਾਂਦੇ ਹਨ। ਇਹ ਉਹ ਜੰਗ ਭੂਮੀ ਹੈ ਜਿਥੇ ਗੁਰੂ ਨਾਨਕ ਨਾਮ ਲੇਵਾ ਸੰਤ ਨੂੰ ਸਿਪਾਹੀਆਂ ਦੇ ਰੂਪ ਵਿੱਚ ਦੁਨੀਆਂ ਨੇ ਦੇਖਿਆ। ਜਿਥੇ ਵੱਢੇ ਹੋਏ ਸਿਰ ਇਉਂ ਰੁਲ ਰਹੇ ਸਨ ਜਿਵੇਂ ਬਜ਼ਾਰਾਂ ਵਿੱਚ ਤਰਬੂਜ਼ ਤੇ ਹਦਵਾਣੇ ਰੁਲ ਰਹੇ ਹੁੰਦੇ ਹਨ। ਇਥੇ **'ਸਵਾ ਲਾਖ ਸੇ ਏਕ ਲੜਾਊਂ'** ਦਾ ਆਦਰਸ਼ ਅਸਲੀ ਰਣਭੂਮੀ ਵਿੱਚ ਮੌਤ ਭਜੀ ਜਾਂਦੀ ਵੇਖੀ ਗਈ। ਉਹ ਜ਼ਿੰਦਗੀ ਹੀ ਕਾਹਦੀ ਜਿਸ ਨੂੰ ਹਰ ਵੇਲੇ ਮੌਤ ਦਾ ਖਟਕਾ ਲਗਾ ਰਹੇ। ਸਮੇਂ ਨੇ ਸੰਸਾਰ ਨੂੰ ਪੁਰਾਣਾ ਕਰ ਦਿੱਤਾ ਹੈ। ਪਰੰਤੂ ਸਮਾਂ ਚਮਕੌਰ ਦੀ ਧਰਤੀ ਵਿਚਕਾਰ ਸ਼ਹੀਦ ਹੋਣ ਵਾਲੇ ਸਿਰਲੱਥ ਸੂਰਮਿਆਂ ਨੂੰ ਪੁਰਾਣਾ ਨਹੀਂ ਕਰ ਸਕਦਾ। ਦੁਨੀਆਂ ਦੇ ਲੋਕ ਜ਼ਮਾਨੇ ਨਾਲ ਬਦਲਦੇ ਹਨ, ਤਕਦੀਰਾਂ ਕਿਸਮਤਾਂ ਅਗੇ ਹਥਿਆਰ ਸੁਟਦੇ ਵੇਖੇ ਗਏ ਹਨ। ਪਰੰਤੂ ਚਮਕੌਰ ਦੀ ਰਣਭੂਮੀ ਦੇ ਚਾਲੀ ਮੁਕਤਿਆਂ ਨੇ ਮੌਤ, ਕਿਸਮਤ, ਤਕਦੀਰ ਤੇ ਹੋਣੀ ਨੂੰ ਬੰਦੂਕਾਂ, ਤੀਰਾਂ ਅੱਗੇ ਲਾ ਲਿਆ। ਭਾਵੇਂ ਸਿੰਘ ਭੁੱਖ ਦੇ ਦੁਖੋਂ ਆਤੁਰ ਸਨ, ਸਿਆਲ ਦੀ ਵਰਖਾ ਨੇ ਉਨ੍ਹਾਂ ਦੇ ਰਾਹ ਰੋਕ ਲਏ ਸਨ, ਪੋਹ ਦਾ ਠੰਡਾ ਠਾਰ ਕੱਕਰ ਪੈ ਰਿਹਾ ਸੀ, ਸਰਸੇ ਵਿੱਚ ਗੜੁੱਚ ਹੋ ਕੇ ਆਏ ਸਨ, ਉਪਰੋਂ ਮੁਖਲਈਆਂ ਤੁਰਕ ਦਲ ਚੜ੍ਹਿਆ ਆ ਰਿਹਾ ਸੀ, ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਸਿੰਘਾਂ ਨੇ ਦਿਲ ਨਹੀਂ ਸਨ ਹਾਰੇ। ਇੱਕ ਇੱਕ ਸਿੰਘ ਲੱਖਾਂ ਉੱਤੇ ਭਾਰੂ ਸੀ। ਤੁਰਕਾਂ ਦਾ ਟਿੱਡੀ ਦਲ (ਸੂਬਾ ਲਾਹੌਰ ਤੇ ਸੂਬਾ ਸਰਹੰਦ ਦੀਆਂ ਫ਼ੌਜਾਂ, ਦਿਲੀ ਵਾਲੇ ਲਸ਼ਕਰ) ਤੇ ਬਾਈਧਾਰ ਪਹਾੜੀ ਰਾਜੇ, ਭਾੜੇ ਦੇ ਟੱਟੂ, ਉਹਨਾਂ ਸਿਰਲੱਥ ਜੰਗ ਬਹਾਦਰ ਜਾਨ ਤੇ ਖੇਡਣ ਵਾਲੇ ਸਿੰਘਾਂ ਅੱਗੇ ਜਿਨ੍ਹਾਂ ਦਾ ਨਿਸ਼ਾਨਾਂ **'ਰਾਜ ਨ ਚਾਹੂੰ ਮੁਕਤ ਨ ਚਾਹੂੰ ਮਨ ਪਰੀਤ ਚਰਨ ਕਮਲਾਰੇ'** ਸੀ, ਜੋ 'ਸੂਰਬੀਰ ਬਚਨ ਕੇ ਬਲੀ' ਸਨ, ਦੇ ਅੱਗੇ ਕਿਵੇਂ ਅੜ ਸਕਦੇ ? ਖੰਡੇ ਦੇ ਅੰਮ੍ਰਿਤ ਨੇ ਜਿਉਂਦੀ ਜਾਗਦੀ ਸਪਿਰਟ ਪੈਦਾ ਕਰ ਦਿੱਤੀ ਸੀ। ਆਬੇ-ਹਯਾਤ ਦਾ ਸੋਮਾ ਗੁਰੂ ਆਪ ਸੀ, ਜਿਹੜਾ ਇਸ ਸੋਮੇ ਤੋਂ ਪਾਣੀ ਪੀਂਦਾ ਸੀ ਅਮਰ ਹੋ ਜਾਂਦਾ ਸੀ। ਮੁਗਲ ਹਕੂਮਤ ਚਾਹੁੰਦੀ ਸੀ ਕਿ ਗੁਰੂ ਨਾਨਕ ਦੇ ਸੋਮੇ ਨੂੰ ਸੁਕਾ ਦਿੱਤਾ ਜਾਵੇ। ਜਿਥੇ ਮੁਗਲ ਸ਼ਾਹੀ ਦਾ ਕੰਮ ਸਿੰਘਾਂ ਨੂੰ ਮਲੀਆਮੇਟ ਕਰਨਾ ਸੀ ਉਥੇ ਉਸ ਦੇ ਨਾਲ ਹੀ ਉਹਨਾ ਦਾ ਇਰਾਦਾ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਊਦੇ ਫੜਨ ਦਾ ਸੀ। ਉਹ ਚਾਹੁੰਦੇ ਸਨ ਕਿ ਗੁਰੂ ਦਸ਼ਮੇਸ਼ ਜੀ ਨੂੰ ਜਿਊਂਦਿਆਂ ਫੜ ਕੇ ਦਿੱਲੀ ਦੀ ਹਕੂਮਤ ਦੇ ਰੂਬਰੂ ਪੇਸ਼ ਕੀਤਾ ਜਾਵੇ। ਇਸ ਵਿੱਚ ਮੁਗਲ ਫ਼ੌਜਾਂ ਦੀ ਜਿੱਤ ਸੀ। ਇੱਕ ਪਾਸੇ ਗਿਣਤੀ ਦੇ ਮੁੱਠੀਭਰ ਚਾਲੀ ਸਿੰਘ ਹਨ, ਇਕ ਗੁਰੂ ਅਤੇ ਉਸ ਦੇ ਦੋ ਸਾਹਿਬਜ਼ਾਦੇ ਹਨ, ਦੂਜੇ ਪਾਸੇ ਦਸ ਲੱਖ ਦਾ ਤੁਰਕ ਦਲ ਠਾਠਾਂ ਮਾਰ ਰਿਹਾ ਸੀ। ਆਮ ਲੋਕਾਂ ਦੀ ਰਾਇ ਅਨੁਸਾਰ ਮੁਗਲਾਂ ਨੇ ਚਮਕੌਰ ਦੀ ਜੰਗ ਜਿੱਤੀ, ਪਰੰਤੂ ਇਹ ਉਹਨਾਂ ਦੀ ਵੱਡੀ ਹਾਰ ਸੀ। ਗੜ੍ਹੀ ਕੋਈ ਵੱਡੀ ਭਾਰੀ ਓਟ ਨਹੀਂ ਸੀ। ਇੱਕ ਪਸ਼ੂਆਂ ਦੇ ਬੰਨ੍ਹਣ ਦੀ ਹਵੇਲੀ ਸੀ। ਪਸ਼ੂਆਂ ਦੇ ਬੰਨ੍ਹਣ ਦੀ ਹਵੇਲੀ ਦੇ ਕੋਟ ਰਤਾ ਉਚੇਰੇ ਹੁੰਦੇ ਹਨ। ਇਸ ਨੂੰ ਨਾਕਾਬੰਦੀ ਕਰਕੇ ਸਿੰਘਾਂ ਨੇ ਮੋਰਚੇ ਜਮਾਏ ਅਤੇ ਦੁਸ਼ਮਣ ਨੂੰ ਕਰਾਰੇ ਹੱਥ ਦਿਖਾਏ।

ਲੜਾਈ ਜਿੱਤਣਾ ਅਸਲ ਵਿੱਚ ਮਨ ਦਾ ਕਰਤਵ ਹੈ। ਸਰੀਰ ਮਨ ਦੇ ਮਗਰ ਟੁਰਦਾ ਹੈ। ਜੇ ਮਨ ਬਲਵਾਨ ਹੈ ਤਦ ਸਰੀਰ ਲਿਫ਼ਦਾ ਨਹੀਂ, ਜੇ ਮਨ ਕਮਜ਼ੋਰ ਹੈ ਤਦ ਵੱਡਾ ਲੰਮਾ, ਡਾਢਾ ਹੱਟਾ ਕੱਟਾ, ਪਹਾੜ ਵਰਗੀ ਦੇਹੀ ਵਾਲਾ ਵੀ ਕਾਗਜ਼ਾਂ ਦੇ ਢੇਰ ਥੱਲੇ ਆ ਪਵੇਗਾ। ਹਾਰ ਜਿੱਤ ਦਿਲ ਦੀ ਹੈ। ਜੇਕਰ ਦਿਲ ਹਾਰ ਗਿਆ ਤਦ ਹਾਰ ਹੋ ਗਈ। ਜੇਕਰ ਦਿਲ ਨਹੀਂ ਹਾਰਿਆਂ ਤਦ ਵੱਡੀ ਤੋਂ ਵੱਡੀ ਸ਼ਕਤੀ ਤੇ ਆਦਮ ਗਿਣਤੀ ਵੀ ਇਸ ਧਰਤੀ ਦੇ ਸਰਦਾਰ ਨੂੰ ਭੈਭੀਤ ਨਹੀਂ ਕਰ ਸਕਦੀ। ਇਹ ਡਰੂ ਤੇ ਕੰਗਾਲ ਉਦੋਂ ਹੈ ਜਦੋਂ ਵੈਰੀ ਧਾਹ ਬੈਠ ਜਾਂਦਾ ਸਕੂਲ ਵਿੱਚ ਪੜ੍ਹੇ ਹੋਏ 'ਸੂਰਬੀਰ ਬਚਨ ਕੇ ਬਲੀ' ਆਖਣ ਦੇ ਸਮਰੱਥ ਹੋ ਗਏ ਸਨ।

(ਚਲਦਾ)



www.AKJ.Org

# ਬਾਪੂ ਜੀ ਤੇ ਬੱਚੇ ( ੧੬ )

ਕੁਲਜੀਤ ਸਿੰਘ ਦੀ ਭੂਆ ਦਾ ਲੜਕਾ ਭੁਪਿੰਦਰ ਸਿੰਘ ਆਇਆ ਹੋਇਆ ਸੀ, ਅੰਮ੍ਰਿਤ ਛਕਣ ਤੋਂ ਬਾਅਦ ਉਸ ਨੂੰ ਬਾਣੀ ਪੜ੍ਹਨ ਅਤੇ ਕੀਰਤਨ ਕਰਨ ਵਿੱਚ ਵਧੇਰੇ ਆਨੰਦ ਆਉਣ ਲੱਗ ਪਿਆ ਸੀ। ਵੇਹਲੇ ਸਮੇਂ ਉਹ ਇਕੱਲਾ ਹੀ ਵਾਜਾ ਲੇ ਕੇ ਬਹਿ ਜਾਂਦਾ ਅਤੇ ਕੀਰਤਨ ਕਰਨ ਲੱਗ ਪੈਂਦਾ। ਕੀਰਤਨ ਕਰਦਾ ਕਰਦਾ ਉਹ 'ਵਾਹਿਗੁਰੂ' ਸ਼ਬਦ ਦੀ ਧੁਨੀ ਅਰੰਭ ਕਰ ਦਿੰਦਾ ਅਤੇ ਕਾਫੀ ਦੇਰ ਵਾਜੇ ਨਾਲ 'ਵਾਹਿਗੁਰੂ ਵਾਹਿਗੁਰੂ' ਹੀ ਕਰਦਾ ਰਹਿੰਦਾ। ਕੀਰਤਨ ਵਿੱਚ ਉਸ ਦੀ ਐਸੀ ਲਿਵ ਜੁੜਦੀ ਕਿ ਉਸ ਨੂੰ ਬਾਹਰਲੀ ਦੁਨੀਆਂ ਭੁੱਲ ਜਾਂਦੀ। ਕਈ ਵੇਰ ਬਾਪੂ ਜੀ ਮਲਕੜੇ ਜੇਹੇ ਉਸ ਕੋਲ ਆ ਬੈਠਦੇ ਅਤੇ ਕੀਰਤਨ ਦਾ ਅਨੰਦ ਮਾਣਦੇ।

ਇਕ ਐਤਵਾਰ ਸ਼ਾਮ ਨੂੰ ਭੁਪਿੰਦਰ ਸਿੰਘ ਬਾਕੀ ਬੱਚਿਆਂ ਨੂੰ ਨਾਲ ਲੈ ਕੇ ਕੀਰਤਨ ਕਰ ਰਿਹਾ ਸੀ। ਬਾਪੂ ਜੀ ਬਾਹਰੋਂ ਆਉਂਦੇ ਹੀ ਬੱਚਿਆਂ ਦੇ ਪਿੱਛੇ ਬੈਠ ਕੇ ਕੀਰਤਨ ਸੁਣਨ ਲੱਗ ਪਏ। ਬੱਚੇ ਉੱਚੀ ਉੱਚੀ ਭੁਪਿੰਦਰ ਸਿੰਘ ਦੇ ਪਿਛੇ ਬੈਠ ਕੇ ਸ਼ਬਦ ਬੋਲ ਰਹੇ ਸਨ ਅਤੇ ਜ਼ੋਰ ਜ਼ੋਰ ਦੀ ਖੜਤਾਲਾਂ ਵਜਾ ਰਹੇ ਸਨ। ਸ਼ਬਦ ਦੀ ਸਮਾਪਤੀ ਤੇ ਅੰਮ੍ਰਿਤਪਾਲ ਕਹਿਣ ਲੱਗਾ, "ਬਾਪੂ ਜੀ ! ਮਜ਼ਾ ਆ ਗਿਆ।"

**ਬਾਪੂ ਜੀ** : ਬੱਚੂ ! ਗੁਰੂ ਦੀ ਬਾਣੀ ਦਾ ਕੀਰਤਨ ਐਸੀ ਹੀ ਚੀਜ਼ ਹੈ, ਇਹ ਮੁਰਦਿਆਂ ਵਿਚ ਜਾਨ ਪਾ ਦਿੰਦਾ ਹੈ, ਰੱਬ ਨਾਲੋਂ ਟੁੱਟਿਆਂ ਨੂੰ ਜੋੜ ਦਿੰਦਾ ਹੈ, ਪਤਿਤਾਂ ਨੂੰ ਪਵਿੱਤਰ ਕਰ ਦਿੰਦਾ ਹੈ, ਪਿਛਲੇ ਕੀਤੇ ਹੋਏ ਪਾਪ ਮੇਟ ਕੇ ਸਿੱਧੇ ਰਾਹ ਪਾ ਦਿੰਦਾ ਹੈ।

**ਪਿਛਲੇ ਅਉਗੁਣ ਬਖਸ਼ ਲਏ ਪ੍ਰਭੁ ਆਗੈ ਮਾਰਗਿ ਪਾਵੈ।**

(ਪੰਨਾ ੬੨੪)

**ਕੁਲਜੀਤ ਸਿੰਘ** : ਬਾਪੂ ਜੀ ! ਹੁਣੇ ਹੀ ਭੁਪਿੰਦਰ ਸਿੰਘ ਨੇ ਸ਼ਬਦ ਪੜ੍ਹਿਆ ਸੀ – "**ਹਰਿ ਕੀਰਤਨੁ ਸੁਣੈ. ਹਰਿ ਕੀਰਤਨੁ ਗਾਵੈ।। ਤਿਸੁ ਜਨ ਦੂਖੁ ਨਿਕਟਿ ਨਹੀ ਆਵੈ।।**" ਇਸ ਦਾ ਕੀ ਅਰਥ ਆ ?

**ਬਾਪੂ ਜੀ** : ਇਸ ਦੇ ਅਰਥ ਤਾਂ ਬਹੁਤ ਸਿੱਧੇ ਹੀ ਹਨ। ਜਿਹੜਾ ਮਨੁੱਖ ਹਰੀ ਵਾਹਿਗੁਰੂ ਦੀ ਕੀਰਤੀ ਅਰਥਾਤ ਸਿਫ਼ਤ ਸਾਲਾਹ ਸੁਣਦਾ ਹੈ, ਹਰੀ ਪ੍ਰਭੂ ਦੀ ਕੀਰਤੀ (ਕੀਰਤਨ) ਗਾਉਂਦਾ ਹੈ, ਉਸ ਦੇ ਲਾਗੇ ਦੁਖ ਨਹੀਂ ਢੁੱਕਦਾ।

**ਪ੍ਰਭਜੋਤ** : ਕੀ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਲਗਦਾ ?

**ਬਾਪੂ ਜੀ** : ਗੁਰੂ ਸਾਹਿਬ ਤਾਂ ਇਹੋ ਹੀ ਕਹਿੰਦੇ ਹਨ – " **ਤਿਸੁ ਜਨ ਦੂਖੁ ਨਿਕਟਿ ਨਹੀ ਆਵੈ।**"

**ਪ੍ਰਭਜੋਤ** : ਮੈਨੂੰ ਤੇ ਕਈ ਵੇਰ ਬੁਖਾਰ ਚੜ੍ਹ ਜਾਂਦਾ, ਉਲਟੀਆਂ ਵੀ ਲੱਗ ਜਾਂਦੀਆਂ, ਬੁਖਾਰ ਨਾਲ ਸਿਰ ਦੁਖਣ ਲੱਗ ਜਾਂਦਾ ਆ।

**ਅੰਮ੍ਰਿਤਪਾਲ** : ਤੂੰ ਕਿਹੜਾ ਕੀਰਤਨ ਕਰਦਾ ਏਂ।

**ਪ੍ਰਭਜੋਤ** : ਭੁਪਿੰਦਰ ਤਾਂ ਕੀਰਤਨ ਕਰਦਾ ਈ ਆ। ਕਦੇ ਕਦੇ ਇਹ ਨੂੰ ਵੀ ਬੁਖ਼ਾਰ ਚੜ੍ਹ ਈ ਜਾਂਦਾ ਆ। ਪਿਛਲੀ ਵਾਰ ਜਦੋਂ ਇਹ ਆਇਆ ਸੀ ਤਾਂ ਇਹ ਨੂੰ ਬੁਖ਼ਾਰ ਚੜ੍ਹ ਗਿਆ ਸੀ, ਇਹ ਕਹਿੰਦਾ ਸੀ ਮੇਰਾ ਸਿਰ ਬਹੁਤ ਦੁਖਦਾ ਆ।..... ਦੁੱਖ ਤਾਂ ਇਹਨੂੰ ਵੀ ਲੱਗ ਗਿਆ।

**ਬਾਪੂ ਜੀ** : ਬੱਚਿਓ ! ਜ਼ਰਾ ਵੱਧ ਘੱਟ ਜਾਂ ਗਲਤ ਖ਼ੁਰਾਕ ਖਾਣ ਨਾਲ ਸਰੀਰ ਵਿੱਚ ਨਰਮੀ ਗਰਮੀ ਆ ਹੀ ਜਾਂਦੀ ਹੈ ਜਿਹੜੀ ਠੀਕ ਦੁਆਈ ਖਾਣ ਨਾਲ ਦੂਰ ਹੋ ਜਾਂਦੀ ਹੈ। ਇਹ ਕੋਈ ਦੁੱਖ ਨਹੀਂ। ਦੁੱਖ ਉਹ ਹੈ ਜਿਸ ਦਾ ਮਨ ਤੇ ਅਸਰ ਹੋ ਜਾਵੇ, ਜਿਸ ਨੂੰ ਮਨ ਸਹਿ ਨਾ ਸਕੇ, ਕੁਰਲਾ ਉਠੇ। ਕਈ ਵੇਰ ਅਸੀਂ ਐਸੀ ਖ਼ਬਰ ਸੁਣ ਲੈਂਦੇ ਹਾਂ ਜਿਸ ਨੂੰ ਸੁਣ ਕੇ ਸਾਡੀਆਂ ਲੇਰਾਂ ਨਿਕਲ ਜਾਂਦੀਆਂ ਹਨ, ਕਿਸੇ ਦੁਰਘਟਨਾ ਨੂੰ ਦੇਖ ਕੇ ਅਸੀਂ ਚੀਕ ਉਠਦੇ ਹਾਂ, ਕਿਸੇ ਮਿੱਤਰ ਪਿਆਰੇ ਜਾਂ ਅੰਗ-ਸਾਕ ਦੀ ਚਿੱਠੀ ਪੜ੍ਹ ਕੇ ਅਸੀਂ ਰੋਣਾ ਸ਼ੁਰੂ ਕਰ ਦਿੰਦੇ ਹਾਂ। ਇਹ ਵੱਖ ਵੱਖ ਕਿਸਮ ਦੇ ਤਾਪ (ਦੁੱਖ) ਹਨ ਜਿਨ੍ਹਾਂ ਕਾਰਨ ਸਾਡਾ ਮਨ ਦੁਖੀ ਹੁੰਦਾ ਹੈ।

**ਕੁਲਜੀਤ ਸਿੰਘ** : ਬਾਪੂ ਜੀ ! ਤਾਪ ਕਿੰਨੀ ਪ੍ਰਕਾਰ ਦੇ ਹਨ ?

**ਬਾਪੂ ਜੀ** : ਤਿੰਨ ਪ੍ਰਕਾਰ ਦੇ।

**ਕੁਲਜੀਤ ਸਿੰਘ** : ਕਿਹੜੇ ਕਿਹੜੇ ?

**ਬਾਪੂ ਜੀ** : ਆਧਿ, ਬਿਆਧਿ, ਉਪਾਧਿ।

**ਕੁਲਜੀਤ ਸਿੰਘ** : ਇਨ੍ਹਾਂ ਦਾ ਕੀ ਮਤਲਬ ?

**ਬਾਪੂ ਜੀ** : 1. ਮਨ ਦੇ ਦੁੱਖ (ਮਾਨਸਕ ਰੋਗ), ਚਿੰਤਾ, ਫਿਕਰ, ਝੋਰਾ (ਝੁਰਨਾ) ਆਦਿ ਨੂੰ ਆਧਿ ਜਾਂ ਅਧਿਆਤਮਕ ਤਾਪ ਕਿਹਾ ਜਾਂਦਾ ਹੈ।

2. ਤਨ ਦੇ ਦੁਖ (ਸਰੀਰਕ ਰੋਗ), ਬੁਖ਼ਾਰ, ਸਿਰ-ਪੀੜ, ਸੱਟ-ਚੋਟ, ਜ਼ਖ਼ਮ ਆਦਿ ਨੂੰ ਬਿਆਧਿ ਜਾਂ ਅਧਿਭੌਤਿਕ ਕਿਹਾ ਜਾਂਦਾ ਹੈ।

3. ਕੁਝ ਦੁਖ ਐਸੇ ਹਨ ਜੋ ਮੀਂਹ, ਹਨ੍ਹੇਰੀ, ਬਿਜਲੀ



www.AKJ.Org

ਪੌਣ, ਗਰਮੀ ਸਰਦੀ ਕਾਰਨ ਪੈਦਾ ਹੁੰਦੇ ਹਨ, ਅਜੇਹੇ ਕਸ਼ਟਾਂ ਨੂੰ ਉਪਾਧਿ ਜਾਂ ਅਧਿਦੈਵਿਕ ਤਾਪ ਕਿਹਾ ਜਾਂਦਾ ਹੈ। ਝਗੜੇ ਬਖੇੜੇ ਵੀ ਉਪਾਧਿ ਹੀ ਕਹਾਉਂਦੇ ਹਨ।

**ਕੁਲਜੀਤ ਸਿੰਘ** : ਬਾਪੂ ਜੀ ! ਇਹ ਗੱਲ ਸਮਝ ਨਹੀਂ ਪਈ ਕਿ ਕੀਰਤਨ ਸੁਣਨ ਜਾਂ ਕਰਨ ਨਾਲ ਦੁੱਖ ਕਿਵੇਂ ਦੂਰ ਹੋ ਜਾਂਦੇ ਹਨ।

**ਬਾਪੂ ਜੀ** : ਬੱਚੂ ! ਜਦੋਂ ਅਸੀਂ ਕੀਰਤਨ ਕਰਦੇ ਹਾਂ ਜਾਂ ਸੁਣਦੇ ਹਾਂ ਤਾਂ ਸਾਡਾ ਧਿਆਨ ਸਰੀਰਕ ਰੋਗਾਂ, ਚਿੰਤਾ ਫਿਕਰ, ਝਗੜੇ ਬਖੇੜਿਆਂ, ਝੱਖੜਾਂ ਆਦਿ ਵੱਲੋਂ ਹਟ ਕੇ ਗੁਰੂ ਦੀ ਬਾਣੀ ਵਲ ਚਲਾ ਜਾਂਦਾ ਹੈ। ਬਾਣੀ ਅੰਮ੍ਰਿਤ ਦੀ ਧਾਰ ਹੈ ਜਿਸ ਨੂੰ ਪੀ ਕੇ ਸਾਡਾ ਮਨ ਤ੍ਰਿਪਤ ਹੋ ਜਾਂਦਾ ਹੈ, ਸ੍ਰੀਰ ਵਿੱਚ ਤਕੜਾਈ ਆ ਜਾਂਦੀ ਹੈ ਅਤੇ ਆਤਮਕ ਬਲ ਪੈਦਾ ਹੋ ਜਾਂਦਾ ਹੈ। ਤਕੜਾਈ ਅੱਗੇ ਕੋਈ ਇੱਲ ਬਲਾ ਠਹਿਰ ਨਹੀਂ ਸਕਦੀ, ਤਕੜੇ ਮਨੁੱਖ ਅੱਗੇ ਹਰ ਕੋਈ ਮੋਕ ਮਾਰਨ ਲੱਗ ਪੈਂਦਾ ਹੈ। ਜਿਸ ਮਨੁੱਖ ਦਾ ਸਰੀਰ ਤਕੜਾ ਹੈ ਉਸ ਨੂੰ ਸੱਟ ਚੋਟ ਮਲੂਮ ਹੀ ਨਹੀਂ ਹੁੰਦੀ, ਵੱਧ ਘੱਟ ਖਾਧਾ ਪੀਤਾ ਵੀ ਹਜ਼ਮ ਹੋ ਜਾਂਦਾ ਹੈ, ਸਹਿਣ ਸ਼ਕਤੀ ਅਤੇ ਮਨੋਬਲ ਉਚਾ ਹੋਣ ਸਦਕਾ ਮਨੁੱਖ ਆਫ਼ਤਾਂ ਤੋਂ ਚਿੰਤਤ ਨਹੀਂ ਹੁੰਦਾ, ਲੜਾਈ ਝਗੜਿਆਂ ਦਾ ਵੀ ਬਹਾਦਰੀ ਨਾਲ ਟਾਕਰਾ ਕਰਦਾ ਹੈ।

ਬੱਚਿਓ ! ਜੇ ਕੋਈ ਨਿਆਣਾ ਰੋਂਦਾ ਹੋਵੇ, ਉਸਦਾ ਧਿਆਨ ਓਧਰ ਪਾਉਣ ਨਾਲ ਉਸ ਨੂੰ ਰੋਣਾ ਭੁੱਲ ਜਾਂਦਾ ਹੈ, ਕਈ ਵੇਰ ਰੋਣਾ, ਹਾਸੇ ਵਿਚ ਬਦਲ ਜਾਂਦਾ ਹੈ। ਇਹੋ ਹਾਲ ਸਾਡਾ ਹੈ, ਕੀਰਤਨ ਕਰਨ ਤੇ ਸੁਣਨ ਨਾਲ ਸਾਡਾ ਧਿਆਨ ਦੁੱਖਾਂ ਤਕਲੀਫ਼ਾਂ ਵਲੋਂ ਹਟ ਕੇ ਗੁਰੂ ਦੀ ਬਾਣੀ ਨਾਲ ਜੁੜ ਜਾਂਦਾ ਹੈ ਅਤੇ ਸਾਨੂੰ ਦੁੱਖ ਭੁੱਲ ਜਾਂਦੇ ਹਨ। ਗੁਰੂ ਦੇ ਸ਼ਬਦ ਵਿਚ ਜੁੜਿਆ ਮਨ ਅਨੰਦ ਮਹਿਸੂਸ ਕਰਨ ਲੱਗ ਪੈਂਦਾ ਹੈ, ਉਸਦਾ ਤਪਦਾ ਮਨ ਅਤੇ ਤਨ (ਸਰੀਰ) ਠੰਡਾ ਹੋ ਜਾਂਦਾ ਹੈ, ਆਫ਼ਤਾਂ ਕਾਰਨ ਦਮਾਗ ਤੇ ਪਿਆ ਬੋਝ ਲੱਥ ਜਾਂਦਾ ਹੈ, ਹਾਏ ਤੋਬਾ ਮੁੱਕ ਜਾਂਦੀ ਹੈ ਅਤੇ ਟਿਕਾਅ (ਸਹਿਜ) ਆ ਜਾਂਦਾ ਹੈ ਅਤੇ ਹਰ ਪ੍ਰਕਾਰ ਦਾ ਤਾਪ ਉਤਰ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ – " **ਗੁਰ ਕੀ ਬਾਣੀ ਜਿਸੁ ਮਨਿ ਵਸੈ।।ਦੁਖ ਦਰਦ ਸਭ ਤਾ ਕਾ ਨਸੈ।।**

(ਪੰਨਾ ੧੩੩੯–੪੦)

**ਭੁਪਿੰਦਰ ਸਿੰਘ** : ਬਾਪੂ ਜੀ ! ਅਸੀਂ 'ਅਨੰਦ ਸਾਹਿਬ' ਵਿਚ ਹਰ ਰੋਜ਼ ਪੜ੍ਹਦੇ ਆਂ– "**ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ** "

**ਬਾਪੂ ਜੀ** : ਬਿਲਕੁਲ ਠੀਕ। ਸਤਿਗੁਰੂ ਜੀ ਠੀਕ ਹੀ ਕਹਿੰਦੇ ਹਨ ਕਿ ਸੱਚੀ ਬਾਣੀ ਸੁਣਨ ਨਾਲ ਦੁੱਖ, ਰੋਗ, ਸੰਤਾਪ ਉਤਰ ਜਾਂਦੇ ਹਨ ਭਾਵ ਸਾਰੇ ਤਾਪ ਦੂਰ ਹੋ ਜਾਂਦੇ ਹਨ। .....ਬੱਚਿਓ ! ਅਕਾਲ ਪੁਰਖ ਦੀ ਸਿਫ਼ਤ ਸਾਲਾਹ ਦੀ ਬਾਣੀ ਸੁਣਿਆ ਮਨ ਵਿਚ ਖੇੜਾ (ਅਨੰਦ ) ਆ ਜਾਂਦਾ ਹੈ।

**ਅੰਮ੍ਰਿਤਪਾਲ** : ਬਾਪੂ ਜੀ ! ਸੰਤਾਪ ਕੀ ਹੁੰਦਾ ਆ ?

**ਬਾਪੂ ਜੀ** : ਕਲੇਸ਼।

**ਪ੍ਰਭਜੋਤ** : ਬਾਪੂ ਜੀ ! ਕੀਰਤਨ ਕਰਨ ਨਾਲ ਬੁਖ਼ਾਰ ਕਿਵੇਂ ਉਤਰ ਜਾਂਦਾ ਹੈ ?

**ਬਾਪੂ ਜੀ** : ਬੱਚਿਓ ! ਬਾਣੀ ਗੁਰੂ ਹੈ। ਜਦੋਂ ਪ੍ਰੇਮ ਸਦਕਾ ਬਾਣੀ ਸਾਡੇ ਹਿਰਦੇ ਵਿਚ ਵਸ ਜਾਂਦੀ ਹੈ ਤਾਂ ਅਸੀਂ ਝੂਮ ਉੱਠਦੇ ਹਾਂ ਜਿਵੇਂ ਕਿਸੇ ਮਿੱਤਰ ਪਿਆਰੇ ਦੇ ਘਰ ਵਿਚ ਆਉਣ ਨਾਲ ਅਸੀਂ ਖ਼ੁਸ਼ੀ ਵਿਚ ਫੁੱਲੇ ਨਹੀਂ ਸਮਾਉਂਦੇ। ਸ਼ਬਦ ਰੂਪ ਗੁਰੂ ਦੇ ਸਰੀਰ ਰੂਪ ਘਰ ਵਿਚ ਪ੍ਰਵੇਸ਼ ਕਰਨ ਨਾਲ ਸਾਰੇ ਕਿਲਵਿਖ ਨੱਸ ਜਾਂਦੇ ਹਨ, ਗੁਰੂ ਤੋਂ ਡਰਦੇ ਦੁੰਮ ਦਬਾ ਕੇ ਭੱਜ ਜਾਂਦੇ ਹਨ। ਜਦੋਂ ਕਿਲਵਿਖ ਦੂਰ ਹੋ ਗਏ, ਸਮਝੋ ਤਾਪ ਲੱਥ ਗਏ। ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝਣ ਲਈ ਮੈਂ ਤੁਹਾਨੂੰ ਇਕ ਪੁਰਾਣੀ ਗੱਲ-ਸੁਣਾਉਂਦਾ ਹਾਂ।

**ਪ੍ਰਭਜੋਤ** : ਸੁਣਾਓ।

**ਬਾਪੂ ਜੀ** : ਇਕ ਵੇਰ ਸਿਆਲ ਦੀ ਰੁੱਤੇ ਅਸੀਂ ਸ਼ਾਮ ਨੂੰ ਆਪਣੇ ਘਰ ਕੀਰਤਨ ਪ੍ਰੋਗਰਾਮ ਰੱਖਿਆ। ਮੋਗੇ ਵਾਲੀ ਬੀਬੀ ਹਰਜੀਤ ਕੌਰ ਵੀ ਆਈ ਹੋਈ ਸੀ, ਤਜਿੰਦਰ ਸਿੰਘ (ਦੂਲਾ) ਨੂੰ ਬੁਖ਼ਾਰ ਚੜ੍ਹਿਆ ਹੋਇਆ ਸੀ, ਉਹ ਕੀਰਤਨ ਤੇ ਤਾਂ ਆ ਗਿਆ ਪਰ ਕੀਰਤਨ ਕਰਨ ਦੀ ਹਾਮੀ ਨਾ ਭਰ ਸਕਿਆ। ਗੁਰੂ ਮਹਾਰਾਜ ਦੀ ਕਿਰਪਾ ਸਦਕਾ ਕੀਰਤਨ ਬਹੁਤ ਚੜ੍ਹਦੀ ਕਲਾ ਵਿਚ ਹੋਇਆ। ਬੀਬੀ ਹਰਜੀਤ ਕੌਰ ਦੇ ਕੀਰਤਨ ਕਰਨ ਤੋਂ ਹਟਦਿਆਂ ਹੀ ਦੂਲਾ ਜੀ ਨੇ ਵਾਜੇ ਦੀਆਂ ਸੁਰਾਂ ਤੇ ਹੱਥ ਰੱਖ ਲਿਆ। ਉਸ ਨੇ ਇੰਨੇ ਪ੍ਰੇਮ ਤੇ ਜੋਸ਼ ਵਿਚ ਕੀਰਤਨ ਕੀਤਾ ਕਿ ਉਹ ਪਸੀਨੋ ਪਸੀਨਾ ਹੋ ਗਿਆ, ਉਸਦੇ ਬੁਖ਼ਾਰ ਦਾ ਪਤਾ ਹੀ ਨਾ ਲਗਾ ਕਿ ਕਿੱਧਰ ਉੱਡ ਗਿਆ। ਰਾਤ ਦੇ ਸਾਢੇ ਦਸ ਵਜੇ ਭੋਗ ਪਿਆ, ਬਾਦ ਵਿਚ ਦੂਲਾ ਜੀ ਨੇ ਲੰਗਰ ਵੀ ਛਕਿਆ, ਗੱਲਾਂ ਬਾਤਾਂ ਉਹ ਇਉਂ ਕਰ ਰਿਹਾ ਸੀ ਕਿ ਜਿਵੇਂ ਉਸ ਨੂੰ ਪਹਿਲਾਂ ਬੁਖ਼ਾਰ ਚੜ੍ਹਿਆ ਹੋਇਆ ਹੀ ਨਹੀਂ ਸੀ।


www.AKJ.Org

ਬੱਚਿਓ ! ਇਹ ਹੈ ਕੀਰਤਨ ਸੁਣਨ ਤੇ ਕਰਨ ਦੀ ਕਰਾਮਾਤ।

**"ਹਰਿ ਕੀਰਤਨੁ ਸੁਣੈ, ਹਰਿ ਕੀਰਤਨ ਗਾਵੈ।।**

**ਤਿਸੁ ਜਨ ਦੂਖੁ ਨਿਕਟਿ ਨਹੀ ਆਵੈ।।"** (ਪੰਨਾ ੧੯੦)

**ਕੁਲਜੀਤ ਸਿੰਘ** : ਬਾਪੂ ਜੀ ! ਭਾਈ ਮਤੀ ਦਾਸ ਨੇ ਆਰੇ ਨਾਲ ਚੀਰੇ ਜਾਣ ਤੇ ਕੋਈ ਡਰ ਨਹੀਂ ਮਹਿਸੂਸ ਕੀਤਾ, ਨਾ ਹੀ ਕੋਈ ਚੀਖ ਪੁਕਾਰ ਕੀਤੀ।

**ਬਾਪੂ ਜੀ** : ਬੱਚੂ ! ਇਹ ਸਭ 'ਸ਼ਬਦ ਗੁਰੂ' ਦੇ ਹਿਰਦੇ ਅੰਦਰ ਵਸਣ ਦਾ ਹੀ ਸਦਕਾ ਸੀ। ਜੱਲਾਦ ਜਦੋਂ ਭਾਈ ਮਨੀ ਸਿੰਘ ਦਾ ਬੰਦ ਬੰਦ ਕੱਟਣ ਵੇਲੇ ਗੰਡਾਸਾ ਉਸ ਦੇ ਗੁੱਟ ਤੇ ਮਾਰਨ ਲੱਗਾ ਤਾਂ ਭਾਈ ਸਾਹਿਬ ਨੇ ਉਸ ਨੂੰ ਰੋਕ ਦਿੱਤਾ ਤੇ ਕਿਹਾ ਕਿ ਸਜ਼ਾ ਤੇ ਮੈਨੂੰ ਬੰਦ ਬੰਦ ਕੱਟਣ ਦੀ ਮਿਲੀ ਹੈ ਤੇ ਤੂੰ ਉਂਗਲੀਆਂ ਦੇ ਬੰਦ ਛੱਡ ਕੇ ਪਿਛੋਂ ਕਿਉਂ ਕੱਟਣ ਲੱਗਾ ਹੈਂ ?

ਬੱਚਿਓ! "ਸ਼ਬਦ ਗੁਰੂ" ਦੇ ਅੰਦਰ ਵਸਣ ਕਰਕੇ ਹੀ ਭਾਈ ਮਨੀ ਸਿੰਘ ਨੂੰ ਕੋਈ ਡਰ ਨਾ ਲੱਗਾ ਅਤੇ ਬੰਦ ਬੰਦ ਕੱਟੇ ਜਾਣ ਦਾ ਕੋਈ ਦੁੱਖ ਨਾ ਮਹਿਸੂਸ ਹੋਇਆ।

**ਪ੍ਰਭਜੋਤ** : ਬਾਪੂ ਜੀ ! ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾਂਦੇ ਵੀ ਨਹੀਂ ਡਰੇ।

**ਅੰਮ੍ਰਿਤਪਾਲ** : ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਵੀ ਸ਼ੇਰਾਂ ਵਾਂਗ ਚਮਕੌਰ ਦੀ ਜੰਗ ਵਿਚ ਲੜੇ, ਮਰਨ ਤੋਂ ਬਿਲਕੁਲ ਨਹੀਂ ਡਰੇ।

**ਬਾਪੂ ਜੀ** : ਬੱਚਿਓ ! ਜੇ 'ਗੁਰੂ' ਅੰਗ ਸੰਗ ਹੋਵੇ ਤਾਂ ਡਰ ਕਿਸ ਗੱਲ ਦਾ ? ਡਰ ਤਾਂ ਇਕੱਲਿਆਂ ਨੂੰ ਹੀ ਲਗਦਾ ਹੈ ਜਿਸ ਦਾ ਗੁਰੂ ਹਰ ਵੇਲੇ ਉਸਦੇ ਅੰਗ ਸੰਗ ਹੈ ਉਹ ਹਮੇਸ਼ਾ ਨਿਡਰ ਰਹਿੰਦਾ ਹੈ, ਕੋਈ ਤਾਪ ਸੰਤਾਪ ਉਸ ਤੇ ਭਾਰੂ ਨਹੀਂ ਹੋ ਸਕਦਾ। ਉਸਨੂੰ ਆਪਣੇ ਸਮਰਥ ਗੁਰੂ ਤੇ ਮਾਣ ਹੁੰਦਾ ਹੈ। ਉਸ ਨੂੰ ਪੂਰਨ ਯਕੀਨ ਹੁੰਦਾ ਹੈ –

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ।** (ਪੰਨਾ ੩੯੪)

**ਭੁਪਿੰਦਰ ਸਿੰਘ** : ਬਾਪੂ ਜੀ ! ਗੁਰੂ ਸਾਹਿਬ ਇਉਂ ਵੀ ਕਹਿੰਦੇ ਹਨ –

**ਸਿਮਰਿ ਸਿਮਰਿ ਤਿਸੁ ਸਦਾ ਸਮਾਲੇ।**

**ਬਾਪੂ ਜੀ** : ਹਾਂ ਬੱਚੂ ! ਗੁਰ ਪਰਮੇਸਰ ਸਾਡੇ ਅੰਗ ਸੰਗ ਤਾਹੀਓਂ ਰਹੇਗਾ ਜੇ ਅਸੀਂ ਉਸ ਦੀ ਯਾਦ ਹਰ ਵੇਲੇ ਆਪਣੇ ਹਿਰਦੇ ਵਿਚ ਵਸਾਈ ਰਖਾਂਗੇ, ਹਰ ਵੇਲੇ ਗੁਰੂ ਗੁਰੂ ਜਪਦੇ ਰਹਾਂਗੇ, ਸਿਫ਼ਤ ਸਾਲਾਹ ਵਜੋਂ ਵਾਹ ਗੁਰੂ ਵਾਹ ਗੁਰੂ ਕਰਦੇ ਰਹਾਂਗੇ।

**ਕੁਲਜੀਤ ਸਿੰਘ** : ਬਾਪੂ ਜੀ ! ਤੁਸੀਂ ਇਕ ਵੇਰ ਦੱਸਿਆ ਸੀ ਕਿ ਕੀਰਤਨ ਸਭ ਤੋਂ ਉੱਚੀ ਭਗਤੀ ਹੈ, ਉਹ ਕਿਵੇਂ

**ਬਾਪੂ ਜੀ** : ਗੁਰੂ ਨਾਨਕ ਦੇਵ ਜੀ ਨੇ ਸੰਸਾਰ ਸਮੁੰਦਰ ਤੋਂ ਪਾਰ ਹੋਣ ਦਾ ਸਾਨੂੰ ਸਿੱਧਾ ਤੇ ਸੌਖਾ ਰਾਹ ਦੱਸਿਆ ਹੈ, ਉਹ ਹੈ ਸੁਰਤ ਨੂੰ ਸ਼ਬਦ ਨਾਲ ਜੋੜਨਾ। ਗੁਰੂ ਸਾਹਿਬ ਕਹਿੰਦੇ ਹਨ ਸੁਰਤ ਨੂੰ ਸ਼ਬਦ ਵਿਚ ਟਿਕਾਣ ਨਾਲ ਭਵ ਸਾਗਰ ਤੋਂ ਤਰ ਜਾਈਦਾ ਹੈ –

**"ਸੁਰਤਿ ਸਬਦਿ ਭਵ ਸਾਗਰੁ ਤਰੀਐ"** (ਪੰਨਾ ੯੩੮)

ਸੁਰਤ ਦੇ ਸ਼ਬਦ ਵਿਚ ਟਿਕ ਜਾਣ ਨਾਲ ਪ੍ਰੀਤਮ ਦੇ ਦੇਸ (ਘਰ) ਪਹੁੰਚ ਜਾਈਦਾ ਹੈ, ਪ੍ਰਭੂ ਬੂਹਾ ਖੋਲ੍ਹ ਕੇ ਆਣ ਗਲਵਕੜੀ ਪਾਉਂਦਾ ਹੈ।

ਕੀਰਤਨ, ਸੁਰਤ ਨੂੰ ਸ਼ਬਦ ਵਿਚ ਟਿਕਾਉਣ ਦਾ ਬਹੁਤ ਸੌਖਾ ਸਾਧਨ ਹੈ। ਕੀਰਤਨ ਕਰਦਿਆਂ ਬਾਹਰ ਭੱਜਦਾ ਮਨ ਸੌਖੇ ਹੀ ਕਾਬੂ ਆ ਜਾਂਦਾ ਹੈ ਅਤੇ ਟਿਕ ਕੇ ਬੈਠ ਜਾਂਦਾ ਹੈ। ਬਾਲਟੀ ਵਿਚ ਛਲਕਦੇ ਪਾਣੀ ਵਿਚ ਅਕਸ ਚੰਗੀ ਤਰ੍ਹਾਂ ਨਜ਼ਰ ਨਹੀਂ ਆਉਂਦਾ, ਟਿਕੇ ਹੋਏ ਪਾਣੀ ਵਿਚ ਚਿਹਰਾ ਸਾਫ਼ ਦਿਸਣ ਲੱਗ ਪੈਂਦਾ ਹੈ। ਇਸੇ ਹੀ ਤਰ੍ਹਾਂ ਡੋਲਦਾ ਮਨ ਜਦੋਂ ਟਿਕਾਅ (ਸਹਜ) ਵਿਚ ਆ ਜਾਂਦਾ ਹੈ ਤਾਂ ਸੁਰਤ ਸ਼ਬਦ ਦਾ ਮੇਲ ਸਹਿਜੇ ਹੀ ਹੋ ਜਾਂਦਾ ਹੈ। ਗੁਰੂ ਕਾ ਸਿੱਖ ਟਿਕੇ ਹੋਏ ਮਨ ਵਾਲੀ ਅਵਸਥਾ ਵਿਚ ਇਕ ਚਿਤ, ਇਕ ਮਨ ਹੋ ਕੇ ਪ੍ਰਭੂ ਦੀ ਕੀਰਤੀ ਕਰਦਾ ਹੈ। ਪ੍ਰਭੂ ਪ੍ਰੇਮਾ ਭਗਤੀ ਤੋਂ ਖ਼ੁਸ਼ ਹੋ ਕੇ ਬੂਹਾ ਖੋਲ੍ਹ ਦਿੰਦਾ ਹੈ –

**ਪ੍ਰਭ ਦੇਖਿਦਿਆਂ ਦੁਖ ਭੁਖ ਗਈ**

**ਢਾਢੀ ਕਉ ਮੰਗਣੁ ਚਿਤਿ ਨਾ ਆਵੈ।।** (ਪੰਨਾ ੧੦੯੭)

ਪ੍ਰਭੂ ਦਾ ਦਰਸ਼ਨ ਕਰਦਿਆਂ ਹੀ ਕੀਰਤਨੀਏ ਦੇ ਸਾਰੇ ਦੁੱਖ ਤੇ ਭੁੱਖਾਂ ਦੂਰ ਹੋ ਜਾਂਦੀਆਂ ਹਨ, ਮੰਗਣ ਵਾਲੀ ਕੋਈ ਗੱਲ ਬਾਕੀ ਰਹਿ ਹੀ ਨਹੀਂ ਜਾਂਦੀ, ਅਨੰਦੋ ਅਨੰਦ ਦੀ ਸਥਿਤੀ ਬਣ ਜਾਂਦੀ ਹੈ।

ਬੱਚਿਓ ! ਪ੍ਰਭੂ ਦਾ ਬੂਹਾ (ਦਸਮ ਦੁਆਰ) ਖੁਲ੍ਹਦਿਆਂ ਹੀ "ਸ਼ਬਦ " ਦੀਆਂ ਗੂੰਜਾਂ ਪੈਣ ਲੱਗ ਜਾਂਦੀਆਂ ਹਨ। 'ਵਾਹਿਗੁਰੂ ਵਾਹਿਗੁਰੂ' ਦੀ ਅਨਹਦ ਧੁਨ ਸ਼ੁਰੂ ਹੋ ਜਾਂਦੀ ਹੈ। ਐਸੇ ਗੁਰਮੁਖ ਜਨ ਨੂੰ 'ਨਾਮ ਖਜਾਨਾ' ਪ੍ਰਾਪਤ ਹੋ ਜਾਂਦਾ ਹੈ ਅਤੇ ਪ੍ਰਕਾਸ਼ ਸਦਕਾ ਉਸ ਦਾ ਚਿਹਰਾ ਨੂਰੋ ਨੂਰ ਹੋ ਜਾਂਦਾ ਹੈ।

ਬੱਚਿਓ ! ਸਤਿਗੁਰੂ ਜੀ ਦੱਸਦੇ ਹਨ ਕਿ ਨਾਮ ਦਾ ਖਜਾਨਾ ਉਸ ਗੁਰਮੁਖ ਪਿਆਰੇ ਨੂੰ ਮਿਲਦਾ ਹੈ ਜਿਸ



www.AKJ.Org

ਦੇ ਮਨ ਵਿਚ 'ਸ਼ਬਦ ਗੁਰੂ' ਆ ਵੁੱਠਦਾ ਹੈ–

**ਨਾਮ ਨਿਧਾਨ ਤਿਸਹਿ ਪ੍ਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ।** (ਪੰਨਾ ੧੦੧)

ਗੁਰਬਾਣੀ ਦਾ ਕੀਰਤਨ, ਸ਼ਬਦ ਨੂੰ ਮਨ ਵਿੱਚ ਵਸਾਉਣ ਦਾ ਬਹੁਤ ਸੌਖਾ ਤਰੀਕਾ ਹੈ, ਇਸ ਸਦਕਾ 'ਨਾਮ ਖਜਾਨਾ' ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਇਸੇ ਹੀ ਕਰਕੇ ਕੀਰਤਨ ਨੂੰ ਸਭ ਤੋਂ ਉਚੀ ਭਗਤੀ ਮੰਨਿਆ ਗਿਆ ਹੈ।

**ਭੁਪਿੰਦਰ ਸਿੰਘ** : ਬਾਪੂ ਜੀ ! ਇਕੱਲੇ ਬਹਿ ਕੇ ਅਤੇ ਸਾਧ ਸੰਗਤ ਵਿੱਚ ਰਲ ਕੇ ਕੀਰਤਨ ਕਰਨ ਵਿੱਚ ਕੀ ਫ਼ਰਕ ਹੈ?

**ਬਾਪੂ ਜੀ** : ਇਕੱਲੇ ਬਹਿ ਕੇ ਕੀਰਤਨ ਕਰਨਾ ਨਲਕੇ /ਟੂਟੀ ਦਾ ਇਸ਼ਨਾਨ ਹੈ ਅਤੇ ਸਾਧ ਸੰਗਤ ਵਿਚ ਬਹਿ ਕੇ ਕੀਰਤਨ ਕਰਨਾ ਮੀਂਹ ਦਾ ਇਸ਼ਨਾਨ ਹੈ। ਸੰਗਤੀ ਕੀਰਤਨ ਨਾਲ ਇਕੋ ਵੇਰ ਸਾਰੇ ਖੇਤ ਸਿੰਜੇ ਜਾਂਦੇ ਹਨ, ਨਲਕੇ ਜਾਂ ਟੂਟੀ ਥੱਲੇ ਇਕੱਲੇ ਇਕੱਲੇ ਨੂੰ ਇਸ਼ਨਾਨ ਕਰਨ ਦੀ ਵਾਰੀ ਮਿਲਦੀ ਹੈ। ਸਾਧ ਸੰਗਤ ਵਿਚ ਬੈਠੇ ਪਾਪੀ ਵੀ ਤਰ ਜਾਂਦੇ ਹਨ, ਉਨ੍ਹਾਂ ਦੇ ਕੰਨੀਂ ਵੀ ਬਾਣੀ ਪੈ ਜਾਂਦੀ ਹੈ, ਟੂਟੀ ਥੱਲੇ ਕੇਵਲ ਇਸ਼ਨਾਨ ਕਰਨ ਵਾਲੇ ਗੁਰਮੁਖ ਦੀ ਹੀ ਮੈਲ ਧੋਤੀ ਜਾਂਦੀ ਹੈ।

**ਕੁਲਜੀਤ ਸਿੰਘ** : ਇਸ ਦਾ ਮਤਲਬ ਤਾਂ ਫਿਰ ਇਹ ਹੋਇਆ ਕਿ ਸਾਧ ਸੰਗਤਿ ਵਿੱਚ ਜਾ ਕੇ ਕੀਰਤਨ ਸੁਣਨ ਦਾ ਵਧੇਰੇ ਲਾਭ ਹੈ।

**ਬਾਪੂ ਜੀ** : ਬਿਲਕੁਲ ! ਇਸੇ ਕਰਕੇ ਗੁਰੂ ਸਾਹਿਬ ਸਾਧ ਸੰਗਤਿ ਵਿੱਚ ਮਿਲ ਕੇ ਕੀਰਤਨ ਕਰਨ ਸੁਣਨ ਨੂੰ ਸੱਭ ਤੋਂ ਚੰਗਾ ਕੰਮ ਦੱਸਦੇ ਹਨ ਪਰ ਇਹ ਭਾਗਾਂ ਵਾਲਿਆਂ ਦੇ ਹੀ ਹਿੱਸੇ ਆਉਂਦਾ ਹੈ। ਭਾਗ–ਹੀਣਾਂ ਦਾ ਉਥੇ ਦਿਲ ਹੀ ਨਹੀਂ ਖੁੱਭਦਾ–

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ਕਹੁ ਨਾਨਕ ਤਿਸੁ ਭਇਓ ਪ੍ਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।** (ਪੰਨਾ ੬੪੨)

**ਪ੍ਰਭਜੋਤ** : ਬਾਪੂ ਜੀ ! ਭਾਗ–ਹੀਣ ਕੌਣ ਹੁੰਦੇ ਆ ?

**ਬਾਪੂ ਜੀ** : ਨਿਗੁਰੇ, ਨਾਸਤਕ, ਸਾਕਤ, ਮਨਮੁਖ, ਖੋਟੀ ਮੱਤ ਵਾਲੇ ਜਿਹੜੇ ਖੋਟੀ ਮੱਤ ਕਾਰਨ ਆਪਣੇ ਮਨ ਮਗਰ ਲੱਗ ਕੇ ਰੱਬ ਤੋਂ ਟੁੱਟੇ ਹੋਏ ਹਨ, ਰੱਬ ਨੂੰ ਭੁੱਲੀ ਬੈਠੇ ਹਨ। ਅਜੇਹੇ ਬੰਦੇ ਹੀ ਦੁਨੀਆਂ ਵਿੱਚ ਧੱਕੇ ਖਾ ਰਹੇ ਹਨ, ਉਨ੍ਹਾਂ ਦੀ ਨਾਂ ਹੀ ਇਸ ਸੰਸਾਰ ਵਿਚ ਕੋਈ ਸੋਭਾ ਵਡਿਆਈ ਹੈ ਅਤੇ ਨਾ ਹੀ ਉਨ੍ਹਾਂ ਨੂੰ ਰੱਬ ਦੀ ਦਰਗਾਹ ਵਿਚ ਢੋਈ ਮਿਲਦੀ ਹੈ।

**ਅੰਮ੍ਰਿਤਪਾਲ** : ਬਾਪੂ ਜੀ ! ਨਿਗੁਰੇ ਕਿਹਨੂੰ ਕਹਿੰਦੇ ਆ ?

**ਬਾਪੂ ਜੀ** : ਜਿਹੜੇ ਹਾਲੇ ਤੀਕ ਅੰਮ੍ਰਿਤ ਛਕ ਕੇ ਗੁਰੂ ਵਾਲੇ ਨਹੀਂ ਬਣੇ।

**ਪ੍ਰਭਜੋਤ** : ਬਾਪੂ ਜੀ ! ਅਸੀਂ ਤਾਂ 'ਚੂਲਾ' ਲਿਆ ਹੋਇਆ, ਅਸੀਂ ਤੇ ਨਿਗੁਰੇ ਨਹੀਂ।

**ਬਾਪੂ ਜੀ** : ਜਿਹੜੀਆਂ ਮਾਵਾਂ ਆਪਣੇ ਬੱਚਿਆਂ ਦਾ 'ਜਨਮ ਸੰਸਕਾਰ' ਨਹੀਂ ਕਰਵਾਉਂਦੀਆਂ, ਬੱਚੇ ਦੇ ਜਨਮ ਤੋਂ ਬਾਅਦ 'ਅੰਮ੍ਰਿਤ ਸੰਚਾਰ' ਤੇ ਪੇਸ਼ ਹੋ ਕੇ ਨਵੇਂ ਜਨਮੇ ਬੱਚੇ ਨੂੰ ' ਅੰਮ੍ਰਿਤ ' ਦਾ ਚੂਲਾ ਨਹੀਂ ਦਿਵਾਉਂਦੀਆਂ, ਉਨੀ ਦੇਰ ਤੱਕ ਉਨ੍ਹਾਂ ਦੇ ਬੱਚੇ ਨਿਗੁਰੇ ਹੀ ਰਹਿੰਦੇ ਹਨ ਜਿੰਨੀ ਦੇਰ ਉਹ ਅੰਮ੍ਰਿਤ ਨਹੀਂ ਛਕਦੇ।

**ਕੁਲਜੀਤ ਸਿੰਘ** : ਨਿਗੁਰਾ ਰਹਿਣ ਵਿਚ ਕੀ ਘਾਟਾ ਹੈ ?

**ਬਾਪੂ ਜੀ** : ਘਾਟਾ ਹੀ ਘਾਟਾ ਹੈ, ਗੁਰੂ ਸਾਹਿਬ ਕਹਿੰਦੇ ਹਨ ਕਿ ਨਿਗੁਰੇ ਦਾ ਤੇ ਨਾਮ ਹੀ ਬੁਰਾ ਹੈ।

"**ਨਿਗੁਰੇ ਕਉ ਗਤਿ ਕਾਈ ਨਾਹੀ।।**
**ਅਵਗਣਿ ਮੁਠੇ ਚੋਟਾ ਖਾਹੀ ।।**" (ਪੰਨਾ ੩੬੧)

**ਕੁਲਜੀਤ ਸਿੰਘ** : ਇਨ੍ਹਾਂ ਤੁਕਾਂ ਦੇ ਕੀ ਅਰਥ ਹਨ ?

**ਬਾਪੂ ਜੀ** : ਨਿਗੁਰੇ ਨੂੰ ਕੋਈ ਉੱਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਹੁੰਦੀ। ਉਹ ਪਾਪ ਕਰਮਾਂ (ਅਵਗਣਾਂ) ਵਿੱਚ ਫ਼ਸ ਕੇ ਆਤਮਕ ਜੀਵਨ ਵਲੋਂ ਲੁੱਟੇ ਜਾ ਰਹੇ ਹਨ ਅਤੇ ਵਿਕਾਰਾਂ ਦੀਆਂ ਚੋਟਾਂ ਖਾਂਦੇ ਹਨ।

**ਪ੍ਰਭਜੋਤ** : ਬਾਪੂ ਜੀ ! ਭੁਪਿੰਦਰ ਨੂੰ ਕਹੋ, ਕੀਰਤਨ ਕਰੇ, ਵਾਹਿਗੁਰੂ ਵਾਹਿਗੁਰੂ ਕਰਨ ਵਿੱਚ ਬੜਾ ਮਜ਼ਾ ਆਉਂਦਾ ਆ।

**ਬਾਪੂ ਜੀ** : ਬੱਚੂ ! ਵਾਹਿਗੁਰੂ ਨਾਮ ਵਿਚ ਐਸੀ ਹੀ ਸ਼ਕਤੀ ਹੈ। ਨਾਮ ਦਾ ਰਸ ਸਾਰੇ ਪਦਾਰਥਾਂ ਤੋਂ ਮਿੱਠਾ ਹੈ –

"**ਹਰਿ ਰਸੁ ਸਭ ਤੇ ਮੀਠਾ ਜੀਉ।**"

(ਭੁਪਿੰਦਰ ਸਿੰਘ "**ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ** " ਦੀ ਟੇਕ ਤੇ ਸ਼ਬਦ ਅਰੰਭ ਕਰ ਦਿੰਦਾ ਹੈ। ਸਾਰੇ ਬੱਚੇ ਖੂਬ ਜੋਸ਼ ਨਾਲ ਪਿਛੇ ਬੋਲਦੇ ਹਨ। " **ਨਾਮੁ ਲੈਤ ਸਰਬ ਸੁਖ ਪਾਇਆ** " ਦੀ ਤੁਕ ਬੋਲ ਕੇ ਭੁਪਿੰਦਰ ਸਿੰਘ ਨੇ 'ਵਾਹਿਗੁਰੂ' ਦੀ ਧੁਨੀ ਅਰੰਭ ਕਰ ਦਿੱਤੀ, ਬੱਸ ! ਫੇਰ ਕੀ ਸੀ, ਬੱਚਿਆਂ ਨੇ ਖੂਬ ਖੜਤਾਲਾਂ ਖੜਕਾਈਆਂ ਅਤੇ ਵਾਹਿਗੁਰੂ ਨਾਮ ਦੀਆਂ ਗੂੰਜਾਂ ਪਾਈਆਂ।)

**ਜਿਸਹਿ ਨਿਵਾਜੇ ਗੁਰਮੁਖਿ ਸਾਜੇ।।**
**ਨਾਮੁ ਵਸੈ ਤਿਸੁ ਅਨਹਦ ਵਾਜੇ।।**
**ਤਿਸ ਹੀ ਸੁਖੁ ਤਿਸ ਹੀ ਠੁਕਰਾਈ.**
**ਤਿਸਹਿ ਨ ਆਵੈ ਜਮੁ ਨੇੜਾ।।੧੪।।**
(ਮਾਰੂ ਮ: ੫, ਪੰਨਾ ੧੦੭੨)



www.AKJ.Org

## ਬੱਚਿਆਂ ਲਈ ਸਵਾਲ

1. "ਜੋਬਨਧਨੁਪ੍ਰਭਤਾਕੈਮਦਮਹਿਅਹਿਨਿਸਿਰਹੈਦਿਵਾਨਾ।।" ਇਸ ਤੁਕ ਨੂੰ ਪਦ ਛੇਦ ਕਰ ਕੇ ਲਿਖੋ ਅਤੇ ਇਸ ਤੇ ਅਰਥ ਵੀ ਦੱਸੋ।
2. ਕੜੇ ਦੇ ਕੀ ਲਾਭ ਹਨ ? ਇਹ ਕਿਸ ਧਾਤ ਦਾ ਬਣਿਆ ਹੋਣਾ ਚਾਹੀਦਾ ਹੈ ? ਕਿਉਂ ?
3. ਪੁਲਸ ਕਪਤਾਨ ਬੀ. ਟੀ. ਦੇ ਚੁਪੇੜ ਮਾਰਨ ਵਾਲੀ ਬੀਬੀ ਕੌਣ ਸੀ ? ਇਸ ਦਾ ਕਾਰਨ ਕੀ ਸੀ ?
4. ਕੁਤਕੇ ਨਾਲ ਦੁਸ਼ਮਣਾਂ ਦੇ ਸਰਦਾਰ ਦਾ ਸਿਰ ਭੰਨਣ ਵਾਲਾ ਕਿਹੜਾ ਸੂਰਮਾ ਸੀ ? ਇਹ ਘਟਨਾ ਕਿਸ ਜੰਗ ਵਿੱਚ ਵਾਪਰੀ?
5. ਮਰਗ ਦੇ ਭੋਗ ਸਮੇਂ ਮਰੇ ਪ੍ਰਾਣੀ ਦੀ ਫੋਟੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਰੱਖਣੀ ਚਾਹੀਦੀ ਹੈ ਕਿ ਨਹੀਂ ? ਕਿਉਂ ?

### ਦਸੰਬਰ ੧੯੯੫

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ ਦਿੱਤੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ..............................

ਉਮਰ ..............................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ?

..............................

..............................

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ ੩੧ ਦਸੰਬਰ ੧੯੯੫ ਤੱਕ "ਸੂਰਾ" ਦਫਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਨਾਲ ਦਿੱਤਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ।

### ਜ਼ਰੂਰੀ ਸੂਚਨਾ

ਸੂਰਾ ਮਾਸਿਕ ਪੱਤਰ ਇੱਕ ਧਾਰਮਿਕ ਰਸਾਲਾ ਹੈ ਜਿਸਦਾ ਮੁੱਖ ਮੰਤਵ ਗੁਰੂ ਆਸ਼ੇ ਅਨੁਸਾਰ ਧਰਮ ਪ੍ਰਚਾਰ ਕਰਨਾ ਹੈ। ਇਸ ਵਿੱਚ ਕਿਸੇ ਵੀ ਵਿਅਕਤੀ ਦੇ ਨਿੱਜੀ ਮਾਮਲਿਆਂ ਨਾਲ ਸਬੰਧਤ ਕੋਈ ਵੀ ਸੂਚਨਾ, ਅਦਾਲਤੀ ਨੋਟਿਸ ਆਦਿ ਨਹੀਂ ਛਾਪੇ ਜਾਣਗੇ। ਸੋ ਕੋਈ ਵੀ ਵਿਅਕਤੀ ਇਸ ਤਰ੍ਹਾਂ ਦੀਆਂ ਸੂਚਨਾਵਾਂ ਸੂਰਾ ਵਿੱਚ ਛਾਪਣ ਲਈ ਨਾ ਭੇਜੇ। ਸੰਪਾਦਕ

### ਜ਼ਰੂਰੀ ਸੂਚਨਾ

ਬਾਹਰੋਂ ਆਉਣ ਵਾਲੇ ਪ੍ਰੇਮੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਿਛਲੇ ਕਾਫੀ ਸਮੇਂ ਤੋਂ "ਸੂਰਾ" ਮਾਸਿਕ ਪੱਤਰ ਸਬ-ਆਫਿਸ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਚੱਲ ਰਿਹਾ ਹੈ। ਸੋ ਇੱਛਕ ਸੱਜਣ ਸੂਰਾ ਸੰਬੰਧੀ ਕਿਸੇ ਵੀ ਕੰਮ ਵਾਸਤੇ ਇਸੇ ਸਬ-ਆਫਿਸ ਵਿਖੇ ਹੀ ਸਵੇਰੇ 10.00 ਵਜੇ ਤੋਂ 5.00 ਵਜੇ ਤੱਕ ਮਿਲ ਸਕਦੇ ਹਨ। ਸੰਪਾਦਕ

### ਭਾਈ ਸਾਹਿਬ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਹਰ ਸਾਲ ਦੀ ਤਰ੍ਹਾਂ ਉਪਰੋਕਤ ਸਕੀਮ ਅਧੀਨ ਕਾਲਜ ਪੱਧਰ ਤੱਕ ਪੜ੍ਹਾਈ ਕਰ ਰਹੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਦੀ ਲੜੀਦਾਰ ਸਰੂਪ ਤੋਂ ਪਾਠ ਕਰ ਸਕਣ ਦੀ ਪ੍ਰੀਖਿਆ ਲੁਧਿਆਣੇ ਵਿਖੇ ਹੋਣ ਵਾਲੇ ਪੋਹ ਸੁਦੀਸਪਤਮੀ ਦੇ ਸਾਲਾਨਾ ਸਮਾਗਮ ਦੌਰਾਨ ਹੋਵੇਗੀ। ਸੋ ਪ੍ਰੀਖਿਆ ਵਿੱਚ ਭਾਗ ਲੈਣ ਦੇ ਚਾਹਵਾਨ ਬੱਚੇ ਬੱਚੀਆਂ ਲੋੜੀਦੇ ਫਾਰਮ ਹੇਠ ਦਿੱਤੇ ਪਤੇ ਤੋਂ ਮੰਗਵਾ ਕੇ ਠੀਕ ਤਰ੍ਹਾਂ ਭਰ ਕੇ ਵਾਪਸ ਉਸੇ ਪਤੇ ਤੇ 22 ਦਸੰਬਰ ਤੱਕ ਪੁਚਾਏ ਜਾਣੇ ਚਾਹੀਦੇ ਹਨ।

ਸਕੱਤਰ - ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, 23 - G ਸਰਾਭਾ ਨਗਰ ਲੁਧਿਆਣਾ।

ਕੀਰਤਨ ਸਮਾਗਮਾਂ ਤੇ, ਲੋਕਲ ਅਖੰਡ ਕੀਰਤਨ ਜਥੇ ਦੇ ਸੇਵਾਦਾਰ "ਸੂਰਾ" ਦੇ ਨਵੇਂ ਮੈਂਬਰ ਬਨਾਉਣ ਦੀ ਸੇਵਾ ਨਿਭਾਉਣ ਦੀ ਕ੍ਰਿਪਾਲਤਾ ਕਰਨ ਅਤੇ ਵੱਧ ਤੋਂ ਵੱਧ ਮੈਂਬਰ ਬਣਾਉਣ। ਸੰਪਾਦਕ

### ਸੂਰਾ ਪੱਤਰ ਨੂੰ ਪੂੰਜੀ ਸਹਾਇਤਾ

| | | | |
|---|---|---|---|
| ਡਾ. ਮਹਿੰਦਰ ਸਿੰਘ ਲੁਧਿਆਣਾ | 100 ਰੁ: | ਗੁਪਤ | 100 ਰੁ: |
| ਬਲਜੀਤ ਸਿੰਘ ਕੇਨੈਡਾ | 1700 ਰੁ: | ਗੁਰਚਰਨ ਸਿੰਘ ਵਾਰਾਨਸੀ | 420 ਰੁ: |
| ਭਾਈ ਹਰਜਿੰਦਰ ਸਿੰਘ ਬਠਿੰਡਾ | 200 ਰੁ: | ਭਾਈ ਫੌਜਿੰਦਰ ਸਿੰਘ ਮੁਹਾਲੀ | 187 ਰੁ: |
| ਭਾਈ ਗੁਰਦੀਪ ਸਿੰਘ ਅਮਰੀਕਾ (ਅਕਤੂਬਰ) | 5000 ਰੁ: | ਭਾਈ ਗੁਰਦੀਪ ਸਿੰਘ ਅਮਰੀਕਾ (ਨਵੰਬਰ) | 5000 ਰੁ: |

www.AKJ.Org

Regd.No. R.N./12245/66 SURA/ December/95 P.O. Regd. No.PB ‘/121/95

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਰਡਰ ਫ਼ਾਰਮ ਉਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। ਸੰਪਾਦਕ

## ਸ੍ਰੀ ਦਸਮੇਸ਼ ਆਗਮਨ ਪੁਰਬ ਦਾ ਸਾਲਾਨਾ ਕੇਂਦਰੀ ਸਮਾਗਮ ਲੁਧਿਆਣਾ ਵਿਖੇ.

ਹਰ ਸਾਲ ਦੀ ਤਰ੍ਹਾਂ ਦਸਮੇਸ਼ ਆਗਮਨ ਪੁਰਬ ਦੇ ਮੌਕੇ ਤੇ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਕੀਰਤਨ ਸਮਾਗਮ ਮਿਤੀ 25 ਦਸੰਬਰ ਸੋਮਵਾਰ ਸ਼ਾਮ ਤੋਂ 29 ਦਸੰਬਰ ਸ਼ੁੱਕਰਵਾਰ ਸਵੇਰ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗਾ।

25 ਦਸੰਬਰ 1995 ਦਿਨ ਸੋਮਵਾਰ ਸ਼ਾਮ 6.30 ਤੋਂ 8.30 ਤੱਕ ਅਖੰਡ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।

26 ਦਸੰਬਰ 1995 ਦਿਨ ਮੰਗਲਵਾਰ ਸਵੇਰੇ 4.30 ਤੋਂ 7.00 ਤੱਕ ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ਾਮ 5.30 ਤੋਂ 8.30 ਤੱਕ ਸੋ ਦਰੁ ਤੇ ਅਖੰਡ ਕੀਰਤਨ।

27 ਦਸੰਬਰ 1995 ਬੁੱਧਵਾਰ ਸਵੇਰੇ 5.00 ਵਜੇ ਤੋਂ 12.00 ਵਜੇ ਤੱਕ ਸ੍ਰੀ ਆਸਾ ਦੀ ਵਾਰ ਅਤੇ ਅਖੰਡ ਕੀਰਤਨ (ਸਥਾਨ ਗੁਰਮਤਿ ਸੰਚਾਰ ਕੇਂਦਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਐਫ਼ ਬਲਾਕ, ਨੇੜੇ ਸੀ. ਐਫ਼. ਸੀ. ਭਾਈ ਰਣਧੀਰ ਸਿੰਘ ਨਗਰ)

ਸ਼ਾਮ 5.30 ਤੋਂ 8.30 ਅਖੰਡ ਕੀਰਤਨ ਗੁ: ਸਿੰਘ ਸਭਾ ਮਾਡਲ ਟਾਊਨ ਦੇ ਸਾਹਮਣੇ ਕਾਲਜ ਗਰਾਊਂਡ ਵਿਖੇ।

28 ਦਸੰਬਰ 1995 ਦਿਨ ਵੀਰਵਾਰ ਸ‹ 5.00 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ ਵਿਖੇ ਉਪਰੰਤ ਅਖੰਡ ਕੀਰਤਨ ਬਾਅਦ ਦੁਪਹਿਰ 2 ਵਜੇ ਤੱਕ ਕਾਲਜ ਗਰਾਊਂਡ ਵਿਖੇ।

ਸ਼ਾਮ 6.00 ਵਜੇ ਆਰੰਭ ਰੈਣਿ ਸਬਾਈ ਕੀਰਤਨ ਕਾਲਜ ਗਰਾਊਂਡ ਵਿਖੇ।

**ਅੰਮ੍ਰਿਤ ਸੰਚਾਰ** :– 28 ਦਸੰਬਰ ਸ਼ਾਮ 6.00 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ।

**ਰਿਹਾਇਸ਼ ਤੇ ਲੰਗਰ** :– ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।

**ਨੋਟ** :– (1) 27 ਦਸੰਬਰ ਸਵੇਰ ਦੇ ਸਮਾਗਮ ਵਾਸਤੇ ਸੰਗਤਾਂ ਨੂੰ ਲਿਜਾਣ ਤੇ ਲਿਆਉਣ ਦਾ ਪ੍ਰਬੰਧ ਗੁ: ਸਿੰਘ ਸਭਾ ਮਾਡਲ ਟਾਊਨ ਤੋਂ ਕੀਤਾ ਜਾਵੇਗਾ। (2) ਅਨੰਦ ਕਾਰਜ ਰੈਣਿ ਸਬਾਈ ਕੀਰਤਨ ਦੇ ਭੋਗ ਵੇਲੇ 29 ਦਸੰਬਰ ਸਵੇਰੇ ਕਰਵਾਏ ਜਾਣਗੇ। ਜੋੜੇ ਪਹਿਲਾਂ ਸੂਚਿਤ ਕਰਨ ਜੀ। (3) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ਦਾਸਰੇ :– ਅਖੰਡ ਕੀਰਤਨੀ ਜਥਾ ਲੁਧਿਆਣਾ।

ਮਾਸਿਕ ਰੈਣਿ ਸਬਾਈ ਕੀਰਤਨ ਗੁ: ਸਾਹਿਬ ਸਿਧਵਾਂ ਖੁਰਦ (ਕਾਲਜ ਵਾਲਾ) ਲੁਧਿਆਣਾ ਵਿਖੇ 16 ਦਸੰਬਰ ਰਾਤ ਨੂੰ।

ਭਾਈ ਦਰਲੱਭ ਸਿੰਘ ਅੰਬਾਲਾ ਵਾਲਿਆਂ ਦੀ ਯਾਦ ਵਿੱਚ ਕੀਰਤਨ ਸਮਾਗਮ 17 ਦਸੰਬਰ ਐਤਵਾਰ ਨੂੰ ਭਾਈ ਸਾਹਿਬ ਦੇ ਗ੍ਰਹਿ 2416 ਦੁਰਗਾ ਚਰਨ ਰੋਡ ਅੰਬਾਲਾ ਕੈਂਟ ਵਿਖੇ ਸਵੇਰ ਤੋਂ ਦੁਪਹਿਰ ਤੱਕ ਕੀਰਤਨ ਸਮਾਗਮ ਹੋਣਗੇ।

ਸਟੇਟ ਗੁ: ਸਾਹਿਬ ਕਪੂਰਥਲਾ ਵਿਖੇ ਰੈਣਿ ਸਬਾਈ ਕੀਰਤਨ 24 ਦਸੰਬਰ ਰਾਤ ਨੂੰ।

ਮਾਸਿਕ ਰੈਣਿ ਸਬਾਈ ਕੀਰਤਨ ਗੁ: ਸਾਹਿਬ ਪੋਹੀੜ (ਲੁਧਿਆਣਾ) ਨੇੜੇ ਅਹਿਮਦਗੜ੍ਹ ਵਿਖੇ 6 ਜਨਵਰੀ 1996 ਰਾਤ ਨੂੰ

## ਯੂ. ਕੇ. ਵਿੱਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ II - APOLLO WAY, PERRY BARR, BIRMINGHAM -20 (U. K.)

## ਫੈਸ਼ਨ ਤੇ ਰਹਿਤ

ਫੈਸ਼ਨ ਜਾਂ ਰਿਵਾਜ ਧਰਮ ਨਹੀਂ, ਦੁਨੀਆਂ ਹੈ। ਰਿਵਾਜ ਜਾਂ ਫੈਸ਼ਨ ਦੇ ਪਿੱਛੇ ਚਲਣ ਵਾਲੇ ਆਗੂ ਨਹੀਂ ਬਣਦੇ, 'ਚੁਰਾਸੀ' ਵਿੱਚ ਹੀ ਰਹਿੰਦੇ, ਜੰਮਦੇ ਤੇ ਮਰਦੇ ਹਨ!

ਅਸੀਂ ਸਿੱਖ ਬਣਨਾ ਹੈ, ਸਿੱਖ ਬਣਨ ਦਾ ਭੀ ਫੈਸ਼ਨ ਪੂਰਾ ਨਹੀਂ ਕਰਨਾ। ਸੱਚੇ ਸਿੱਖ ਦੀ ਰਹਿਤ ਰੱਖਣਾ ਸਿੱਖ ਦਾ ਧਰਮ ਹੈ ਦਿਖਾਵੇ ਜਾਂ ਨੌਕਰੀ ਜਾਂ ਵਿਆਹ ਦੀ ਕੀਮਤ ਲੈ ਕੇ ਸਿੱਖ ਰਹਿਤ ਵੇਚਣੀ ਸਿੱਖੀ ਨਹੀਂ। ਪ੍ਰਿੰ: ਸਰਮੁਖ ਸਿੰਘ ਅਮੋਲ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਹੇਠ ਲਿਖੇ ਪਤੇ ਤੋਂ ਬਿਨਾਂ ਕਿਸੇ ਭੇਟਾ ਦੇ ਮਿਲ ਸਕਦੇ ਹਨ। ਬਿਰਧ ਸਰੂਪਾਂ, ਗੁਟਕਿਆਂ ਆਦਿ ਦੀ ਸੇਵਾ ਦਾ ਵੀ ਪ੍ਰਬੰਧ ਹੈ। ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ

ਪਿੰਡ ਛੋਟੀ ਜਵੱਦੀ ਨੇੜੇ ਨਹਿਰ ਦਾ ਪੁਲ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ।

## ਲੇਖਕਾਂ ਪ੍ਰਤੀ ਬੇਨਤੀ

ਸੁਹਿਰਦ ਲੇਖਕਾਂ ਅਤੇ ਵਿਦਵਾਨਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਕਾਗਜ਼ ਦੇ ਇੱਕ ਪਾਸੇ ਸਾਫ਼-ਸਾਫ਼ ਲਿਖ ਕੇ ਭੇਜਣ। ਫੋਟੋ ਕਾਪੀ ਭੇਜਣ ਤੋਂ ਗੁਰੇਜ ਕੀਤਾ ਜਾਵੇ। ਲੇਖਾਂ ਵਿੱਚ ਦਰਜ ਤਾਰੀਖਾਂ, ਸੰਨ, ਹਵਾਲੇ ਅਤੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਚੰਗੀ ਤਰ੍ਹਾਂ ਸੋਧ ਕੇ ਭੇਜਿਆ ਜਾਵੇ।

SURA (Monthly) KOTHI No. 12, BLOCK-1, BHAI RANDHIR SINGH NAGAR, LUDHIANA 141001

www.AKJ.Org